
People's Herald



Rs- 160/month

# "ਇਕੁਐਲਿਟੀ ਐਂਡ ਜਸਟਿਸ"

https://www.facebook.com/profile.php?id=161037521061610

ਪਟਿਆਲਾ

"Equality and Justice"

स्वतंत्रता, समानता, भाईचारा

People's Herald



PATIALA On line paper 04 ਦਸੰਬਰ 2025 ਵੀਰਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਮੁੱਖ ਮੰਤਰੀ ਭਗਵੰਤ ਮਾਨ ਦੇ ਜਾਪਾਨ ਦੌਰੇ ਦੇ ਦੂਜੇ ਦਿਨ ਟੋਕੀਓ ਵਿੱਚ ਟੋਪਨ ਸਪੈਸ਼ਲਿਟੀ ਫਿਲਮਜ਼ ਨਾਲ ਸਮਝੌਤਾ ਕੀਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਦਸੰਬਰ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ: ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਵੱਡਾ ਹੁਲਾਰਾ ਦਿੰਦੇ ਹੋਏ ਜਾਪਾਨ ਦੀ ਸਿਰਮੌਰ ਕੰਪਨੀ ਟੌਪਨ ਸਪੈਸ਼ਲਿਟੀ ਫਿਲਮਜ਼ ਪ੍ਰਾਈਵੇਟ ਲਿਮਟਿਡ (ਟੀ.ਐਸ.ਐਫ.) ਨੇ ਬੁੱਧਵਾਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨਾਲ ਆਪਣੀ ਵਿਸਥਾਰ ਯੋਜਨਾ ਦੇ ਹਿੱਸੇ ਵਜੋਂ ਸੂਬੇ ਵਿੱਚ 400 ਕਰੋੜ ਰੁਪਏ ਦਾ ਨਿਵੇਸ਼ ਕਰਨ ਲਈ ਸਮਝੌਤਾ ਸਹੀਬੱਧ ਕੀਤਾ।

ਇਸ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ ਮੁੱਖ ਮੰਤਰੀ, ਜੋ ਜਾਪਾਨ ਦੇ ਦੌਰੇ 'ਤੇ ਹਨ, ਨੇ ਕਿਹਾ ਕਿ ਟੀ.ਐਸ.ਐਫ. ਅਤੇ ਇਨਵੈਸਟ ਪੰਜਾਬ ਨੇ ਪੰਜਾਬ ਵਿੱਚ ਇੱਕ ਹੁਨਰ ਉੱਤਮਤਾ ਕੇਂਦਰ ਸ਼ੁਰੂ ਕਰਨ ਵਿੱਚ ਸਾਂਝੇਦਾਰੀ ਅਤੇ ਸਹਿਯੋਗ ਦੇਣ ਲਈ ਸਹਿਮਤੀ ਦਿੱਤੀ ਹੈ ਤਾਂ ਜੋ ਹੁਨਰਮੰਦ/ਅਰਧ-ਹੁਨਰਮੰਦ ਵਿਅਕਤੀਆਂ/ਕਾਮਿਆਂ/ਨੌਜਵਾਨਾਂ ਨੂੰ ਉੱਚ ਪੱਧਰੀ ਸਿਖਲਾਈ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਉਦਯੋਗਾਂ ਲਈ ਲੋੜੀਂਦੇ ਹੁਨਰਾਂ ਦਾ ਪਸਾਰਾ ਕਰਨ ਦੇ ਨਾਲ-ਨਾਲ ਪੰਜਾਬ ਵਿੱਚ ਨਵੇਂ ਰੁਜ਼ਗਾਰ ਮੌਕੇ ਪੈਦਾ ਕਰਨ ਵਿੱਚ



ਵੀ ਅਹਿਮ ਭੂਮਿਕਾ ਨਿਭਾਏਗੀ। ਸਾਂਝੇਦਾਰੀ ਦੇ ਖੇਤਰਾਂ ਬਾਰੇ ਜਾਣਕਾਰੀ ਦਿੰਦੇ ਹੋਏ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਉਪਰਾਲਾ ਮੌਜੂਦਾ ਅਤੇ ਉੱਭਰ ਰਹੇ ਉਦਯੋਗ ਦੀਆਂ ਲੋੜਾਂ ਅਨੁਸਾਰ ਸਿਖਲਾਈ ਪ੍ਰਦਾਨ ਕਰਨ 'ਤੇ ਅਧਾਰਤ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸਾਂਝੇਦਾਰੀ ਉਨ੍ਹਾਂ ਜਦੀਦ ਅਤੇ ਤਕਨੀਕੀ ਹੁਨਰਾਂ 'ਤੇ ਵੀ ਕੇਂਦਰਿਤ ਹੈ, ਜੋ ਜ਼ਿਆਦਾਤਰ ਆਸਾਨੀ ਨਾਲ ਉਪਲਬਧ ਨਹੀਂ ਅਤੇ ਇਸ ਸਮਝੌਤੇ ਤਹਿਤ ਉਦਯੋਗ-ਜਗਤ ਅਤੇ ਵਿਸ਼ਵ ਪੱਧਰੀ ਮਾਪਦੰਡਾਂ ਅਨੁਸਾਰ ਸਿਖਲਾਈ ਪ੍ਰਮਾਣੀਕਰਣ ਵੀ ਪ੍ਰਦਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਮਝੌਤਾ (ਐਮਓਯੂ) ਪੰਜਾਬ ਅਤੇ ਭਾਰਤ ਭਰ ਵਿੱਚ ਟੀ.ਐਸ.ਐਫ. ਅਤੇ ਹੋਰ ਵੱਡੇ ਪੱਧਰ ਦੇ ਉਦਯੋਗਾਂ ਵਿੱਚ ਅਪ੍ਰੈਂਟਿਸਸ਼ਿਪ ਅਤੇ ਰੁਜ਼ਗਾਰ ਦੇ ਮੌਕਿਆਂ ਲਈ ਵੀ ਰਾਹ ਪੱਧਰਾ ਕਰੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਇੱਕ ਪੌਲੀਟੈਕਨਿਕ/ਤਕਨੀਕੀ ਸੰਸਥਾ ਨਾਲ ਸਾਂਝੇ ਵਿਕਾਸ ਅਤੇ ਸਿਖਲਾਈ ਦੇਣ ਸਬੰਧੀ ਅਕਾਦਮਿਕ ਸਹਿਯੋਗ 'ਤੇ ਵੀ ਜ਼ੋਰ ਦੇਵੇਗਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਟੀ.ਐਸ.ਐਫ. ਉਦਯੋਗ ਦੀਆਂ ਜ਼ਰੂਰਤਾਂ ਦੇ ਆਧਾਰ 'ਤੇ ਵਿੱਤੀ ਸਹਾਇਤਾ, ਤਕਨੀਕੀ ਜਾਣਕਾਰੀ, ਸਿਖਲਾਈ ਸਹਾਇਤਾ ਅਤੇ ਪਾਠਕ੍ਰਮ ਡਿਜ਼ਾਈਨਿੰਗ ਵੀ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਇਸ ਦੌਰਾਨ ਅਪ੍ਰੈਂਟਿਸਸ਼ਿਪਾਂ ਦੀ ਸਹੂਲਤ ਵੀ ਹੋਵੇਗੀ ਅਤੇ ਯੋਗ ਤੇ ਸਿਖਿਆਰਥੀਆਂ ਲਈ ਢੁਕਵੇਂ ਰੁਜ਼ਗਾਰ ਮੌਕੇ ਵੀ ਮਿਲਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੇ ਸੁਹਿਰਦ ਯਤਨਾਂ ਸਦਕਾ ਟੀ.ਐਸ.ਐਫ. ਨੇ ਰਸਮੀ ਤੌਰ 'ਤੇ ਲਗਪਗ 400 ਕਰੋੜ ਰੁਪਏ ਦੇ ਨਿਵੇਸ਼ ਨਾਲ ਪੰਜਾਬ ਵਿੱਚ ਆਪਣੀ ਮੌਜੂਦਾ ਨਿਰਮਾਣ ਸਹੂਲਤ ਦਾ ਵਿਸਥਾਰ ਕਰਨ ਦੀ ਇੱਛਾ ਪ੍ਰਗਟਾਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਨਿਵੇਸ਼ ਦਾ ਉਦੇਸ਼ ਸਮਰੱਥਾ ਵਧਾਉਣਾ, ਨਵੇਂ ਰੁਜ਼ਗਾਰ ਦੀ ਸਹੂਲਤ, ਉੱਨਤ ਤਕਨਾਲੋਜੀਆਂ ਨੂੰ ਏਕੀਕ੍ਰਿਤ ਕਰਨਾ ਅਤੇ ਭਾਰਤ ਵਿੱਚ ਉਨ੍ਹਾਂ ਦੀ ਦੀਰਘਕਾਲੀ ਤੇ ਸਥਾਈ ਮੌਜੂਦਗੀ ਨੂੰ ਮਜ਼ਬੂਤ ਕਰਨਾ ਹੈ। ਉਨ੍ਹਾਂ ਕਿਹਾ ਕਿ ਨਿਵੇਸ਼ ਦਾ ਮੰਤਵ ਸਮਰੱਥਾ ਦਾ ਵਿਸਥਾਰ, ਰੁਜ਼ਗਾਰ ਮੌਕਿਆਂ ਵਿੱਚ ਵਾਧਾ ਅਤੇ ਤਕਨਾਲੋਜੀ ਵਿੱਚ ਵਾਧਾ ਕਰਨਾ ਹੈ ਕਿਉਂਕਿ ਟੀਐਸਐਫ ਨੇ ਸੂਬੇ ਪ੍ਰਤੀ ਆਪਣੀ ਲੰਬੇ ਸਮੇਂ ਦੀ ਵਚਨਬੱਧਤਾ ਪ੍ਰਗਟਾਈ ਹੈ। ਭਗਵੰਤ ਸਿੰਘ ਮਾਨ ਨੇ ਸੂਬੇ ਵਿੱਚ ਇਨ੍ਹਾਂ ਕਾਰਜਾਂ ਅਤੇ ਵਿਸਥਾਰ ਲਈ ਟੀਐਸਐਫ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਇਸ ਦੌਰਾਨ ਸੂਬੇ ਵਿੱਚ ਕੰਮ ਕਰਨ ਦੇ ਆਪਣੇ ਤਜਰਬੇ ਨੂੰ ਸਾਂਝਾ ਕਰਦੇ ਹੋਏ ਟੀ.ਐਸ.ਐਫ. ਗਰੁੱਪ ਨੇ ਇਸ ਨੂੰ ਇੱਕ ਮਜ਼ਬੂਤ ਉਦਯੋਗ- ਸਰਕਾਰੀ ਭਾਈਵਾਲੀ, ਸਹਿਜ ਸਹੂਲਤ, ਉੱਚ-ਗੁਣਵੱਤਾ ਵਾਲੀ ਕਾਰਜਬਲ ਉਪਲਬਧਤਾ, ਨਿਰੰਤਰ ਬਿਜਲੀ ਸਪਲਾਈ ਅਤੇ ਨਿਰੰਤਰ ਨਿਵੇਸ਼ਕ-ਅਨੁਕੂਲ ਵਾਤਾਵਰਣ ਦਾ ਮੁੱਢ ਦੱਸਿਆ ਹੈ। ਉਨ੍ਹਾਂ ਕਿਹਾ ਕਿ ਗਰੁੱਪ ਸੂਬੇ ਵਿੱਚ ਆਪਣੇ ਪ੍ਰਸਤਾਵਿਤ ਵਿਸਥਾਰ ਰਾਹੀਂ ਇਸ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦੀ ਆਸ ਕਰਦਾ ਹੈ। ਉਨ੍ਹਾਂ ਨੇ ਇਸ ਪ੍ਰੋਜੈਕਟ ਲਈ ਜ਼ਰੂਰੀ ਪ੍ਰਵਾਨਗੀਆਂ ਅਤੇ ਸੰਚਾਲਨ ਜ਼ਰੂਰਤਾਂ ਨੂੰ ਆਸਾਨ ਬਣਾਉਣ ਲਈ ਪੰਜਾਬ ਸਰਕਾਰ ਅਤੇ ਇਨਵੈਸਟ ਪੰਜਾਬ ਤੋਂ ਨਿਰੰਤਰ ਸਹਿਯੋਗ ਦੀ ਆਸ ਪ੍ਰਗਟਾਈ।

## ਇੱਥੇ ਚਿੱਟਾ ਸ਼ਰੇਆਮ ਵਿਕਦਾ ' ਹੈ ਲਿਖਕੇ ਵਿਰੋਧ ਜਤਾਇਆ, ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਪੁਲਿਸ ਕਾਰਵਾਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਦਸੰਬਰ INTERNATIONAL PAPER, 94636 01616 hardipchumber57@gmail.com

ਬਠਿੰਡਾ, 3 ਦਸੰਬਰ 2025: ਪੰਜਾਬ 'ਚ ਨਸਲਾਂ ਨੂੰ ਤਬਾਹ ਕਰਨ ਵਾਲੇ ਚਿੱਟੇ ਵਰਗੇ ਖਤਰਨਾਕ ਨਸ਼ੇ ਦੀ ਵਿੱਕਰੀ ਨੂੰ ਲੈਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਖਤ ਰੁੱਖ ਅਖਤਿਆਰ ਕਰ ਲਿਆ ਹੈ। ਬਠਿੰਡਾ ਜਿਲ੍ਹੇ ਦੇ ਵਿਧਾਨ ਸਭਾ ਹਲਕਾ ਮੌੜ ਅਧੀਨ ਪੈਂਦੇ ਪਿੰਡ ਮੌੜ ਕਲਾਂ 'ਚ ਚਿੱਟੇ ਦੀ ਵਿੱਕਰੀ ਤੋਂ ਅੱਕੇ ਪਿੰਡ ਵਾਸੀਆਂ ਵੱਲੋਂ ਕੰਧਾਂ ਤੇ ' ਇੱਥੇ ਚਿੱਟਾ ਵਿਕਦਾ ਹੈ' ਲਿਖਣ ਦਾ ਸੂਓ ਮੋਟੋ ਨੋਟਿਸ ਲੈਂਦਿਆਂ ਅਦਾਲਤ ਪੰਜਾਬ ਸਰਕਾਰ ਤੋਂ ਜਵਾਬ ਮੰਗ ਲਿਆ ਹੈ। ਹਾਈਕੋਰਟ ਦੇ ਚੀਫ ਜਸਟਿਸ ਸ਼ੀਲਾ ਨਾਗੂ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਸਖਤ ਰੁਖ ਅਖਤਿਆਰ ਕਰਦਿਆਂ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਹਾਈਕੋਰਟ ਨੇ ਮੰਨਿਆ ਹੈ ਕਿ ਰਿਪੋਰਟ ਮੌੜ ਕਲਾਂ ਪਿੰਡ ਦੀ ਉਸ ਚਿੰਤਾਜਨਕ ਸਥਿਤੀ ਨੂੰ ਬੇਪਰਦ ਕਰਦੀ ਹੈ ਜਿੱਥੇ ਪਿੰਡ ਵਾਸੀਆਂ ਨੇ ਕਥਿਤ ਡਰੱਗ ਨੈਟਵਰਕ ਖਿਲਾਫ ਕੰਧਾਂ ਤੇ ਕਾਲੇ ਰੰਗ ਨਾਲ ' ਇੱਥੇ ਚਿੱਟਾ ਸ਼ਰੇਆਮ ਵਿਕਦਾ ' ਹੈ ਲਿਖਕੇ ਵਿਰੋਧ ਜਤਾਇਆ ਹੈ।

ਹਾਲਾਂਕਿ ਇਹ ਗੱਲ ਸਾਹਮਣੇ ਆਉਣ ਤੋਂ ਬਾਅਦ ਪੁਲਿਸ ਨੇ ਇਸ ਚਿਤਾਵਨੀ ਭਰੇ ਨਾਅਰਿਆਂ ਨੂੰ ਹਟਾ ਦਿੱਤਾ ਪਰ ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਪੁਲਿਸ ਕਾਰਵਾਈ ਦੀ ਕਥਿਤ ਬਿੱਲੀ ਥੈਲਿਓਂ ਬਾਹਰ ਆ ਗਈ ਹੈ। ਪੰਜਾਬ ਸਰਕਾਰ ਦੇ ਵਕੀਲ ਵੱਲੋਂ ਨੋਟਿਸ ਹਾਸਲ ਕਰਨ ਤੋਂ ਬਾਅਦ ਹਾਈਕੋਰਟ ਨੇ ਸਰਕਾਰ ਨੂੰ ਮੁਕੰਮਲ ਵੇਰਵੇ ਪੇਸ਼ ਕਰਨ ਦੇ ਹੁਕਮ ਦਿੱਤੇ



ਹਨ। ਹੁਣ ਪੰਜਾਬ ਸਰਕਾਰ ਵੱਲੋਂ ਐਫੀਡੈਵਿਟ ਦਾਖਲ ਕਰਨ ਉਪਰੰਤ ਅਗਲੀ ਸੁਣਵਾਈ ਦੌਰਾਨ ਅੱਗੇ ਦੀ ਕਾਰਵਾਈ ਤੇ ਵਿਚਾਰ ਕੀਤਾ ਜਾਏਗਾ। ਹਾਈਕੋਰਟ ਨੇ ਪਿੰਡ 'ਚ ਨਸ਼ੀਲੇ ਪਦਾਰਥਾਂ ਦੀ ਕਥਿਤ ਵਿੱਕਰੀ ਰੋਕਣ ਲਈ ਚੁੱਕੇ ਕਦਮਾਂ ਦੀ ਜਾਣਕਾਰੀ ਮੰਗੀ ਹੈ। ਇਸ ਤੋਂ ਇਲਾਵਾ ਸ਼ੱਕੀ ਓਵਰਡੋਜ਼ ਨਾਲ ਇੱਕ ਨੌਜਵਾਨ ਦੀ ਮੌਤ ਤੋਂ ਬਾਅਦ ਫੌਰੀ ਤੌਰ ਤੇ ਕੀਤੀ ਕਾਰਵਾਈ , ਪੁਲਿਸ ਨੂੰ ਮਜਬੂਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਅਤੇ ਭਵਿੱਖ 'ਚ ਅਜਿਹੀ ਸਥਿਤੀ ਦੁਬਾਰਾ ਨਾਂ ਬਣੇ ਆਦਿ ਪਹਿਲੂਆਂ ਤੋਂ ਅਦਾਲਤ ਨੂੰ ਜਾਣੂੰ ਕਰਵਾਉਣ ਲਈ ਕਿਹਾ ਗਿਆ ਹੈ।

ਯਾਦ ਰਹੇ ਕਿ ਬਠਿੰਡਾ ਜਿਲ੍ਹੇ ਦੇ ਪਿੰਡ ਮੌੜ ਕਲਾਂ ਵਿੱਚ ਚਿੱਟੇ ਦੇ ਵਧਦੇ ਕਹਿਰ ਤੋਂ ਦੁਖੀ ਪਿੰਡ ਦੇ ਲੋਕਾਂ ਨੇ ਬੀਤੇ ਦਿਨੀ ਕੰਧਾਂ ਤੇ 'ਚਿੱਟਾ ਇੱਥੇ ਸ਼ਰੇਅਮ ਵਿਕਦਾ' ਹੈ ਲਿਖ ਦਿੱਤਾ ਸੀ। ਸੂਚਨਾ ਮਿਲਣ ਤੇ ਪੁਲਿਸ ਮੁਲਾਜਮਾਂ ਨੇ ਚਿੱਟੇ ਸ਼ਬਦ ਤੇ ਕਾਲਾ ਰੰਗ ਫੇਰ ਦਿੱਤਾ ਸੀ ਤਾਂ ਜੋ ਕਿਸੇ ਨੂੰ ਪਤਾ ਨਾਂ ਲੱਗ ਸਕੇ। ਥਾਣਾ ਮੌੜ ਪੁਲਿਸ ਨੇ ਮੰਨਿਆ ਕਿ ਨਸ਼ਿਆਂ ਦੀ ਸਮੱਸਿਆ ਹੈ ਪਰ ਇਸ ਸਬੰਧ 'ਚ ਪੁਲਿਸ ਬਣਦੀ ਕਾਰਵਾਈ ਕਰ ਰਹੀ ਹੈ। ਦੂਜੇ ਪਾਸੇ ਮੌੜ ਕਲਾਂ ਦੀਆਂ ਔਰਤਾਂ ਮਨਜੀਤ ਕੌਰ ਅਤੇ ਕ੍ਰਿਸ਼ਨਾ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਚਿੱਟਾ ਸ਼ਰੇਆਮ ਵਿਕ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਚਿੱਟੇ ਦਾ ਸ਼ਿਕਾਰ ਹੋਕੇ ਕਈ ਨੌਜਵਾਨ ਆਪਣੀ ਜਾਨ ਗੁਆ ਚੁੱਕੇ ਹਨ ਜਿਸ ਦੇ ਚਲਦਿਆਂ ਕੁੜੀਆਂ ਛੋਟੀ ਉਮਰ 'ਚ ਹੀ ਵਿਧਵਾ ਹੋ ਗਈਆਂ ਹਨ ਅਤੇ ਉਨ੍ਹਾਂ ਨੂੰ ਆਪਣੇ ਘਰ ਚਲਾਉਣ ਲਈ ਮਜ਼ਦੂਰੀ ਕਰਨੀ ਪੈ ਰਹੀ ਹੈ।

ਉਨ੍ਹਾਂ ਦੱਸਿਆ ਕਿ ਸਥਿਤੀ ਐਨੀ ਗੰਭੀਰ ਬਣੀ ਹੋਈ ਹੈ ਕਿ ਨੌਜਵਾਨ ਲਗਾਤਰ ਨਸ਼ਿਆਂ ਦੀ ਮਾਰ ਹੇਠ ਆ ਰਹੇ ਹਨ। ਇੰਨ੍ਹਾਂ ਔਰਤਾਂ ਨੇ ਆਮ ਆਦਮੀ ਪਾਰਟੀ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਉਨ੍ਹਾਂ ਦੀ ਫਰਿਆਦ ਸੁਣੀ ਜਾਏ ਅਤੇ ਚਿੱਟਾ ਵੇਚਣ ਵਾਲਿਆਂ ਦੇ ਨਾਲ ਨਾਲ ਉਨ੍ਹਾਂ ਨੂੰ ਸ਼ਹਿ ਦੇਣ ਵਾਲਿਆਂ ਖਿਲਾਫ ਵੀ ਕਾਰਵਾਈ ਕੀਤੀ ਜਾਏ। ਉਨ੍ਹਾਂ ਇਹ ਵੀ ਦੋਸ਼ ਲਾਇਆ ਸੀ ਕਿ ਚਿੱਟਾ ਵੇਚਣ ਵਾਲੇ ਤਸਕਰਾਂ ਦੀ ਪੁਲਿਸ ਨਾਲ ਕਥਿਤ ਮਿਲੀਭੁਗਤ ਹੈ ਅਤੇ ਜਾਣਕਾਰੀ ਹੋਣ ਦੇ ਬਾਵਜੂਦ ਪੁਲਿਸ ਪ੍ਰਸ਼ਾਸ਼ਨ ਕੋਈ ਕਾਰਵਾਈ ਨਹੀਂ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਤੋਂ ਦੁਖੀ ਹੋਕੇ ਹੀ ਉਨ੍ਹਾਂ ਨੇ ਕੰਧਾਂ ਤੇ ਇਹ ਸੰਦੇਸ਼ ਲਿਖਿਆ ਹੈ। ਇਸ ਸਬੰਧ ਵਿੱਚ ਕੁੱਝ ਵੀਡੀਓ ਅਤੇ ਤਸਵੀਰਾਂ ਵੀ ਸਾਹਮਣੇ ਆਈਆਂ ਸਨ ਜਿਸ ਤੋਂ ਬਾਅਦ ਡੀਐਸਪੀ ਮੌੜ ਕੁਲਦੀਪ ਸਿੰਘ ਬਰਾੜ ਨੇ ਵੀਡੀਓ ਜਾਰੀ ਕਰਕੇ ਗੋਂਗਲੂਆਂ ਤੋਂ ਮਿੱਟੀ ਝਾੜਨ ਦੀ ਕੋਸ਼ਿਸ਼ ਕੀਤੀ ਸੀ

### ਡੀਐਸਪੀ ਦੀ ਅਜੀਬ ਦਲੀਲ

ਨਸ਼ੇ ਦੀ ਵਿੱਕਰੀ ਖਿਲਾਫ ਲਿਖਣ ਪਿੱਛੋਂ ਡੀਐਸਪੀ ਮੌੜ ਕੁਲਦੀਪ ਸਿੰਘ ਬਰਾੜ ਨੇ ਕਿਹਾ ਸੀ ਕਿ ਪੁਲਿਸ ਨਸ਼ਾ ਤਸਕਰਾਂ ਨੂੰ ਲਗਤਾਰ ਫੜ ਰਹੀ ਹੈ ਪਰ ਪਿੰਡ ਦੇ ਲੋਕ ਜਮਾਨਤ ਕਰਵਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਪੁਲਿਸ ਨੇ ਇਕੱਲੀ ਮੌੜ ਕਲਾਂ ਦੀ ਹੱਦ ਅੰਦਰ ਨਸ਼ਾ ਤਸਕਰੀ ਦੇ 23 ਮੁਕੱਦਮੇ ਦਰਜ ਕੀਤੇ ਹਨ । ਇੱਕ ਮਾਰਚ ਤੋਂ ਸ਼ੁਰੂ ਹੋਏ ਯੁੱਧ ਨਸ਼ਿਆਂ ਵਿਰੁਧ ਮੌੜ ਕਲਾਂ 'ਚ 45 ਤਸਕਰ ਫੜੇ ਗਏ ਹਨ ਜਦੋਂਕਿ ਪੰਜ ਵਿਅਕਤੀਆਂ ਨੂੰ ਨਸ਼ਾ ਮੁਕਤੀ ਕੇਂਦਰ 'ਚ ਦਾਖਲ ਕਰਵਾਇਆ ਹੈ।

### ਨਸ਼ਿਆਂ ਨਾਲ ਜੁੜੇ ਮਾਮਲੇ

ਮੌੜ ਕਲਾਂ 'ਚ ਇੱਕ ਐਸਪੀ ਦੀ ਅਗਵਾਈ ਹੇਠ ਸਰਚ ਆਪਰੇਸ਼ਨ ਚਲਾਇਆ ਪਰ ਹੱਥ ਖਾਲੀ ਰਹੇ ਸਨ। ਚਰਚਾ ਸੀ ਕਿ ਅਗਾਊਂ ਸੂਚਨਾ ਮਿਲਣ ਤੇ ਨਸ਼ਾ ਤਸਕਰ ਚੌਕਸ ਹੋ ਗਏ। ਇਸੇ ਸਾਲ ਮੌੜ ਹਲਕੇ ਦੇ ਪਿੰਡ ਭਾਈ ਬਖਤੌਰ 'ਚ ਨਸ਼ੇ ਖਿਲਾਫ ਅਵਾਜ਼ ਚੁੱਕਣ ਤੇ ਨਸ਼ਾ ਤਸਕਰਾਂ ਨੇ ਇੱਕ ਸਾਬਕਾ ਫੌਜੀ ਦੀਆਂ ਲੱਤਾਂ ਤੋੜ ਦਿੱਤੀਆਂ ਸਨ। ਤਸਵੀਰਾਂ ਵਾਇਰਲ ਹੋਣ ਪਿੱਛੋਂ ਪੁਲਿਸ ਨੂੰ ਮੁਕੱਦਮਾ ਦਰਜ ਕਰਨਾ ਪਿਆ ਸੀ। ਉਦੋਂ ਪਿੰਡ ਵਾਸੀਆਂ ਨੇ 'ਸਾਡਾ ਪਿੰਡ ਵਿਕਾਊ ਹੈ' ਲਿਖਿਆ ਸੀ। ਇਸੇ ਪਿੰਡ 'ਚ ਲਖਵੀਰ ਸਿੱਧੂ ਨੇ ਮੁਹਿੰਮ ਚਲਾਈ ਤਾਂ ਨਸ਼ੇ ਨੂੰ ਲਗਾਮ ਲੱਗੀ ਸੀ ਪਰ ਕੁੱਝ ਮਹੀਨਿਆਂ ਬਾਅਦ ਫਿਰ ਤੋਂ ਨਸ਼ਾ ਵਿਕਣਾ ਸ਼ੁਰੂ ਹੋ ਗਿਆ।

## CIA ਪਟਿਆਲਾ ਅਤੇ ਸਮਾਣਾ ਪੁਲਿਸ ਨੇ ਕੀਤਾ ਸਾਂਝਾ ਆਪ੍ਰੇਸ਼ਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਦਸੰਬਰ INTERNATIONAL PAPER, 94636 01616 hardipchumber57@gmail.com

ਪਟਿਆਲਾ 3 ਦਸੰਬਰ 2025 : SSP ਵਰੁਣ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ SP (D) ਗੁਰਬੰਸ ਬੈਂਸ ਦੀ ਅਗਵਾਈ ਇੰਸਪੈਕਟਰ ਅੰਕੁਰਦੀਪ ਸਿੰਘ ਅਤੇ ਇੰਸਪੈਕਟਰ ਪ੍ਰਦੀਪ ਸਿੰਘ ਬਾਜਵਾ ਅਤੇ ਉਹਨਾਂ ਦੀ




ਟੀਮ CIA ਪਟਿਆਲਾ ਅਤੇ ਸਮਾਣਾ ਪੁਲਿਸ ਨੇ ਇੱਕ ਸਾਂਝੇ ਤੇ ਤਾਲਮੇਲ ਵਾਲੇ ਆਪ੍ਰੇਸ਼ਨ ਦੌਰਾਨ ਪਿੰਡ ਜਾਹਲਾਂ ਨੇੜੇ ਬੰਦੂਕ ਦੀ ਨੋਕ 'ਤੇ ਹੋਈ ਕਾਰ ਚੋਰੀ ਦੀ ਘਟਨਾ ਨੂੰ ਸਫ਼ਲਤਾਪੂਰਵਕ ਸੁਲਝਾ ਲਿਆ ਹੈ , ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਚੋਰੀ ਕੀਤੀ ਗਈ ਕਾਰ ਬਰਾਮਦ ਕਰ ਲਈ ਹੈ ਅਤੇ ਦੋ ਦੋਸ਼ੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ , ਦੋਸ਼ੀਆਂ ਨੇ ਵਾਹਨ ਨੂੰ ਹਥਿਆਰ ਦੀ ਧਮਕੀ ਦੇ ਕੇ ਕਾਰ ਚੋਰੀ ਕੀਤੀ ਸੀ, ਜਿਸ ਤੋਂ ਬਾਅਦ ਪੁਲਿਸ ਟੀਮਾਂ ਨੇ ਨੱਕੇਬੰਦੀ ਅਤੇ ਤਕਨੀਕੀ ਜਾਂਚ ਦੇ ਆਧਾਰ 'ਤੇ ਮਾਮਲੇ ਦੀ ਗੁੰਝ ਸੁਲਝਾਈ , ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੋਸ਼ੀਆਂ ਤੋਂ ਪੁੱਛਗਿੱਛ ਜਾਰੀ ਹੈ ਅਤੇ ਸੰਭਾਵਨਾ ਹੈ ਕਿ ਇਸ ਗਿਰੋਹ ਦੇ ਹੋਰ ਮੈਂਬਰਾਂ ਜਾਂ ਹੋਰ ਘਟਨਾਵਾਂ ਬਾਰੇ ਵੀ ਮਹੱਤਵਪੂਰਣ ਜਾਣਕਾਰੀ ਮਿਲ ਸਕਦੀ ਹੈ

# ਵਿਜੀਲੈਂਸ ਬਿਊਰੋ ਵੱਲੋਂ 3 ਲੱਖ ਰੁਪਏ ਰਿਸ਼ਵਤ ਲੈਂਦਾ ਰੈਂਟ ਕੁਲੈਕਟਰ ਰੰਗੇ ਹੱਥੀਂ ਕਾਬੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਦਸੰਬਰ
INTERNATIONAL PAPER, 9463601616
hardipchumber57@gmail.com

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਪੰਜਾਬ ਵਕਫ਼ ਬੋਰਡ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਤਾਇਨਾਤ ਰੈਂਟ ਕੁਲੈਕਟਰ ਮੁਹੰਮਦ ਇਕਬਾਲ ਨੂੰ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ 3,00,000/- ਰੁਪਏ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਅੱਜ ਇੱਥੇ ਇਸ ਬਾਰੇ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਗੁਰਦੁਆਰਾ ਸਿੰਘ ਸਭਾ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਦਾ ਵਸਨੀਕ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਰੈਂਟ ਕੁਲੈਕਟਰ ਉਸਨੂੰ ਵਕਫ਼ ਬੋਰਡ ਜ਼ੀਰਾ ਵੱਲੋਂ ਅਲਾਟ ਕੀਤੀ ਗਈ ਜ਼ਮੀਨ ਦਾ ਕਬਜ਼ਾ ਦੇਣ ਬਦਲੇ ਸੀਨੀਅਰ ਅਧਿਕਾਰੀ ਦੇ ਨਾਮ 'ਤੇ ਉਸਤੋਂ 5,40,000/- ਰੁਪਏ ਰਿਸ਼ਵਤ ਮੰਗ ਰਿਹਾ ਹੈ। ਇਸ ਸਬੰਧ ਵਿੱਚ ਉਕਤ ਮੁਲਜ਼ਮ ਪਹਿਲਾਂ ਹੀ ਸ਼ਿਕਾਇਤਕਰਤਾ ਤੋਂ ਪਹਿਲੀ ਕਿਸ਼ਤ ਦੀ ਟੋਕਨ ਮਨੀ ਵਜੋਂ 70,000/- ਰੁਪਏ ਦੀ ਰਿਸ਼ਵਤ ਲੈ ਚੁੱਕਾ ਸੀ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਵਕਫ਼ ਬੋਰਡ ਜ਼ੀਰਾ ਦੇ ਨਾਮ 'ਤੇ ਚੈੱਕਾਂ ਰਾਹੀਂ 2.98 ਲੱਖ ਰੁਪਏ ਦੀ ਸਰਕਾਰੀ ਫੀਸ ਪਹਿਲਾਂ ਹੀ ਅਦਾ ਕਰ ਚੁੱਕਾ ਸੀ, ਜਿਸ ਵਿੱਚ ਵਕਫ਼ ਬੋਰਡ ਜ਼ੀਰਾ ਤੋਂ ਲੀਜ਼ 'ਤੇ ਲਈ ਜਾਣ ਵਾਲੀ ਸੰਪਤੀ ਦੇ ਕਿਰਾਏ ਦੀ ਰਕਮ ਵੀ ਸ਼ਾਮਲ ਸੀ ਅਤੇ ਇਹੀ ਚੈੱਕ ਵਿਜੀਲੈਂਸ ਬਿਊਰੋ ਦੀ ਟੀਮ ਨੇ ਉਕਤ ਮੁਲਜ਼ਮ ਰੈਂਟ ਕੁਲੈਕਟਰ ਮੁਹੰਮਦ ਇਕਬਾਲ ਦੇ ਦਫ਼ਤਰ ਤੋਂ ਛਾਪੇਮਾਰੀ ਦੌਰਾਨ ਬਰਾਮਦ ਕੀਤੇ।

ਬੁਲਾਰੇ ਨੇ ਅੱਗੇ ਕਿਹਾ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਆਰਥਿਕ ਅਪਰਾਧ ਸ਼ਾਖਾ (ਈਓਡਬਲਿਊ) ਦੀ ਵਿਜੀਲੈਂਸ ਬਿਊਰੋ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ




ਸ਼ਿਕਾਇਤਕਰਤਾ ਤੋਂ ਦੂਜੀ ਕਿਸ਼ਤ ਵਜੋਂ 3,00,000/- ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ।

ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਪੁਲਿਸ ਥਾਣਾ ਈਓਡਬਲਿਊ, ਲੁਧਿਆਣਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਲਜ਼ਮ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਭਾਰੀ ਵਿਰੋਧ ਮਗਰੋਂ ਸਰਕਾਰ ਨੇ 'ਸੰਚਾਰ ਸਾਥੀ' ਐਪ ਦੀ ਲਾਜ਼ਮੀ ਪ੍ਰੀ-ਇੰਸਟਾਲੇਸ਼ਨ ਦੇ ਹੁਕਮ ਵਾਪਸ ਲਏ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਦਸੰਬਰ
INTERNATIONAL PAPER, 9463601616
hardipchumber57@gmail.com

ਨਵੀਂ ਦਿੱਲੀ : ਸਰਕਾਰ ਨੇ ਸਮਾਰਟਫੋਨ ਉਤੇ ਸਾਈਬਰ ਸੁਰੱਖਿਆ ਐਪ 'ਸੰਚਾਰ ਸਾਥੀ' ਨੂੰ ਪਹਿਲਾਂ ਤੋਂ ਇੰਸਟਾਲ ਕਰਨ ਦਾ ਅਪਣਾ ਹੁਕਮ ਵਾਪਸ ਲੈ ਲਿਆ ਹੈ। ਦੂਰਸੰਚਾਰ ਵਿਭਾਗ ਨੇ ਕਿਹਾ ਕਿ ਉਹ ਸਿਰਫ ਇਕ ਦਿਨ ਵਿਚ ਸਵੈਇੱਛੁਕ ਐਪ ਡਾਊਨਲੋਡ ਵਿਚ 10 ਗੁਣਾ ਵਾਧਾ ਹੋਣ ਤੋਂ ਬਾਅਦ 'ਸੰਚਾਰ ਸਾਥੀ' ਐਪ ਨੂੰ ਪ੍ਰੀ-ਇੰਸਟਾਲ ਕਰਨ ਦੇ ਹੁਕਮ ਨੂੰ ਹਟਾ ਰਿਹਾ ਹੈ।




ਵਿਭਾਗ ਨੇ ਇਕ ਬਿਆਨ ਵਿਚ ਕਿਹਾ, ''ਉਪਭੋਗਤਾਵਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ, ਅਤੇ ਐਪ ਨੂੰ ਸਥਾਪਤ ਕਰਨ ਦਾ ਹੁਕਮ ਇਸ ਪ੍ਰਕਿਰਿਆ ਨੂੰ ਤੇਜ਼ ਕਰਨ ਅਤੇ ਐਪ ਨੂੰ ਘੱਟ ਜਾਗਰੂਕ ਨਾਗਰਿਕਾਂ ਲਈ ਆਸਾਨੀ ਨਾਲ ਉਪਲਬਧ ਕਰਵਾਉਣਾ ਸੀ। ਪਿਛਲੇ ਇਕ ਦਿਨ 'ਚ, 6 ਲੱਖ ਨਾਗਰਿਕਾਂ ਨੇ ਐਪ ਨੂੰ ਡਾਊਨਲੋਡ ਕੀਤਾ, ਜੋ ਕਿ ਇਸ ਦੀ ਵਰਤੋਂ ਵਿਚ 10 ਗੁਣਾ ਵਾਧਾ ਹੈ। ਸੰਚਾਰ ਸਾਥੀ ਦੀ ਵੱਧ ਰਹੀ ਮਕਬੂਲੀਅਤ ਨੂੰ ਵੇਖਦੇ ਹੋਏ ਸਰਕਾਰ ਨੇ ਮੋਬਾਈਲ ਨਿਰਮਾਤਾਵਾਂ ਲਈ ਪ੍ਰੀ-ਇੰਸਟਾਲੇਸ਼ਨ ਲਾਜ਼ਮੀ ਨਾ ਕਰਨ ਦਾ ਫੈਸਲਾ ਕੀਤਾ ਹੈ।''

28 ਨਵੰਬਰ ਦੇ ਹੁਕਮ 'ਚ, ਦੂਰਸੰਚਾਰ ਵਿਭਾਗ ਨੇ ਸਮਾਰਟਫੋਨ ਨਿਰਮਾਤਾਵਾਂ ਨੂੰ ਸਾਰੇ ਨਵੇਂ ਡਿਵਾਈਸਾਂ ਉਤੇ ਐਪ ਨੂੰ ਪਹਿਲਾਂ ਤੋਂ ਇੰਸਟਾਲ ਕਰਨ ਅਤੇ ਇਸ ਨੂੰ ਪੁਰਾਣੇ ਡਿਵਾਈਸਾਂ ਉਤੇ ਅਪਡੇਟ ਕਰਨ ਦੇ ਹੁਕਮ ਦਿਤੇ ਸਨ। ਇਸ ਹੁਕਮ ਨਾਲ ਵਿਰੋਧੀ ਧਿਰ ਦੇ ਨੇਤਾਵਾਂ ਨੇ ਜਾਸੂਸੀ ਦੀਆਂ ਚਿੰਤਾਵਾਂ ਜ਼ਾਹਰ ਕਰਦਿਆਂ ਕਿਹਾ ਕਿ ਐਪ ਕਾਲਾਂ ਸੁਣ ਸਕਦੀ ਹੈ ਅਤੇ ਸੰਦੇਸ਼ਾਂ ਦੀ ਨਿਗਰਾਨੀ ਕਰ ਸਕਦੀ ਹੈ।

# ਬੀਜਾਪੁਰ ਮੁਕਾਬਲੇ 'ਚ 12 ਨਕਸਲੀ ਹਲਾਕ, 3 ਡੀ.ਆਰ.ਜੀ. ਪੁਲਿਸ ਮੁਲਾਜ਼ਮ ਸ਼ਹੀਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਦਸੰਬਰ
INTERNATIONAL PAPER, 9463601616
hardipchumber57@gmail.com

ਬੀਜਾਪੁਰ : ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ 'ਚ ਬੁਧਵਾਰ ਨੂੰ ਭਿਆਨਕ ਮੁਕਾਬਲੇ 'ਚ 12 ਨਕਸਲੀ ਮਾਰੇ ਗਏ ਅਤੇ ਜ਼ਿਲ੍ਹਾ ਰਿਜ਼ਰਵ ਗਾਰਡ (ਡੀ.ਆਰ.ਜੀ.) ਦੇ ਤਿੰਨ ਜਵਾਨ ਸ਼ਹੀਦ ਹੋ ਗਏ। ਅਧਿਕਾਰੀਆਂ ਨੇ ਦਸਿਆ ਕਿ ਗੋਲੀਬਾਰੀ 'ਚ ਡੀ.ਆਰ.ਜੀ. ਦੇ ਦੋ ਹੋਰ ਜਵਾਨ ਜ਼ਖ਼ਮੀ ਹੋ ਗਏ।



ਪੁਲਿਸ ਇੰਸਪੈਕਟਰ ਜਨਰਲ (ਬਸਤਰ ਰੇਂਜ) ਸੁੰਦਰਰਾਜ ਪੱਟੀਲਿੰਗਮ ਨੇ ਦਸਿਆ ਕਿ ਬੀਜਾਪੁਰ-ਦੰਤੇਵਾੜਾ ਜ਼ਿਲ੍ਹਿਆਂ ਦੀ ਸਰਹੱਦ ਉਤੇ ਜੰਗਲ 'ਚ ਗੋਲੀਬਾਰੀ ਉਸ ਸਮੇਂ ਹੋਈ ਜਦੋਂ ਸੁਰੱਖਿਆ ਕਰਮਚਾਰੀਆਂ ਦੀ ਇਕ ਸਾਂਝੀ ਟੀਮ ਨਕਸਲੀ ਵਿਰੋਧੀ ਮੁਹਿੰਮ 'ਚ ਨਿਕਲ ਰਹੀ ਸੀ।

ਉਨ੍ਹਾਂ ਦਸਿਆ ਕਿ ਇਸ ਮੁਹਿੰਮ ਵਿਚ ਦੰਤੇਵਾੜਾ ਅਤੇ ਬੀਜਾਪੁਰ ਦੇ ਡੀਆਰਜੀ ਦੇ ਜਵਾਨ ਅਤੇ ਸਪੈਸ਼ਲ ਟਾਸਕ ਫੋਰਸ, ਸੂਬਾ ਪੁਲਿਸ ਦੀਆਂ ਦੋਵੇਂ ਇਕਾਈਆਂ ਅਤੇ ਕੋਬਰਾ (ਕਮਾਂਡੋ ਬਟਾਲੀਅਨ ਫਾਰ ਰਿਜ਼ੋਲਿਊਟ ਐਕਸ਼ਨ-ਸੀ.ਆਰ.ਪੀ.ਐਫ. ਦੀ ਇਕ ਕੁਲੀਨ ਇਕਾਈ) ਸ਼ਾਮਲ ਸਨ।

ਸੀਨੀਅਰ ਆਈ.ਪੀ.ਐਸ. ਅਧਿਕਾਰੀ ਨੇ ਦਸਿਆ ਕਿ ਮੁਕਾਬਲੇ ਵਾਲੀ ਥਾਂ ਤੋਂ ਹੁਣ ਤਕ 12 ਨਕਸਲੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਜਾ ਚੁਕੀਆਂ ਹਨ, ਪਰ ਉਨ੍ਹਾਂ ਦੀ ਪਛਾਣ ਅਜੇ ਤਕ ਨਹੀਂ

ਖ਼ਬਰ ਦਾ ਬਾਕੀ ਭਾਗ 6 ਨੰਬਰ ਪੇਜ਼ ਤੇ

# ਮਾਪਿਆਂ ਨੇ ਕਿਹਾ, ਤੂੰ ਨੀਵੀਂ ਜਾਤ ਦੇ ਮੁੰਡੇ ਨਾਲ ਪਿਆਰ ਕੀਤਾ', ਨਾਂਦੇੜ 'ਚ ਸਕਸ਼ਮ ਕਤਲ ਮਾਮਲਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਦਸੰਬਰ
INTERNATIONAL PAPER, 9463601616
hardipchumber57@gmail.com

ਉਨ੍ਹਾਂ ਨੇ 3-4 ਗੋਲੀਆਂ ਚਲਾਈਆਂ। ਉਸ ਤੋਂ ਬਾਅਦ ਵੀ ਉਸ ਨੂੰ ਕੁਝ ਨਹੀਂ ਹੋਇਆ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਅਜੇ ਵੀ ਜ਼ਿੰਦਾ ਹੈ ਤਾਂ ਉਨ੍ਹਾਂ ਨੇ ਉਸ ਨੂੰ ਫਰਸ਼ 'ਤੇ ਲਿਟਾ ਕੇ ਕੁਚਲ ਕੇ ਮਾਰ ਦਿੱਤਾ।"

ਇਹ 19 ਸਾਲਾ ਆਂਚਲ ਮਾਮੀਦਵਾਰ ਬੋਲ ਰਹੇ ਸਨ। ਆਂਚਲ ਦੱਸਦੇ ਹਨ ਕਿ ਉਨ੍ਹਾਂ ਦੇ ਪ੍ਰੇਮੀ ਸਕਸ਼ਮ ਤਾਟੇ ਦੀ ਕਿੰਨੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ ਸੀ।

ਸਕਸ਼ਮ ਤਾਟੇ ਨਾਂਦੇੜ ਸ਼ਹਿਰ ਦੇ ਸੰਘਸੇਨ ਇਲਾਕੇ ਵਿੱਚ ਰਹਿੰਦੇ ਸਨ। ਜਦੋਂ ਬੀਬੀਸੀ ਦੀ ਟੀਮ ਸਕਸ਼ਮ ਦੇ ਘਰ ਪਹੁੰਚੀ ਤਾਂ ਉਨ੍ਹਾਂ ਨੇ ਦੀਵਾਰ 'ਤੇ ਲੱਗੀਆਂ ਗੌਤਮ ਬੁੱਧ ਅਤੇ ਬਾਬਾ ਸਾਹਿਬ ਡਾ. ਬੀਆਰ ਅੰਬੇਡਕਰ ਦੀਆਂ ਤਸਵੀਰਾਂ ਦੇਖੀਆਂ। ਕੋਲ ਹੀ ਸਕਸ਼ਮ ਦੀ ਤਸਵੀਰ ਲੱਗੀ ਹੋਈ ਸੀ ਅਤੇ ਫੋਟੋ 'ਤੇ ਮਾਲਾ ਚੜ੍ਹਾਈ ਗਈ ਸੀ।

ਸਕਸ਼ਮ ਦਾ ਜਨਮਦਿਨ 1 ਦਸੰਬਰ ਨੂੰ ਸੀ। ਉਸ ਦਾ ਕਤਲ ਇਸ ਤੋਂ ਦੋ-ਤਿੰਨ ਦਿਨ ਪਹਿਲਾਂ, ਯਾਨੀ 27 ਨਵੰਬਰ ਨੂੰ ਕਰ ਦਿੱਤਾ ਗਿਆ ਸੀ।

## 'ਉਹ ਸਾਡੇ ਨਾਲੋਂ ਨੀਵੀਂ ਜਾਤ ਦਾ ਹੈ'

ਸਕਸ਼ਮ ਤੇ ਆਂਚਲ ਮਾਮੀਦਵਾਰ ਇੱਕ-ਦੂਜੇ ਨੂੰ ਬਹੁਤ ਪਿਆਰ ਕਰਦੇ ਸਨ। ਸਕਸ਼ਮ ਤਾਟੇ ਦਲਿਤ ਸੀ, ਜਦੋਂ ਕਿ ਆਂਚਲ ਪਦਮਸ਼ਾਲੀ ਭਾਈਚਾਰੇ ਨਾਲ ਸਬੰਧ ਰੱਖਦੀ ਹੈ।

ਆਂਚਲ ਦਾ ਕਹਿਣਾ ਹੈ ਕਿ ਵੱਖ-ਵੱਖ ਜਾਤੀਆਂ ਨਾਲ ਸਬੰਧਤ ਹੋਣ ਕਾਰਨ ਮੇਰੇ ਘਰ ਵਾਲਿਆਂ ਨੇ ਸਾਡੇ ਪਿਆਰ ਦਾ ਵਿਰੋਧ ਕੀਤਾ ਅਤੇ ਇਸ ਕਰਕੇ ਉਨ੍ਹਾਂ ਨੇ ਸਕਸ਼ਮ ਦੀ ਹੱਤਿਆ ਕਰ ਦਿੱਤੀ।

ਬੀਬੀਸੀ ਨਾਲ ਗੱਲਬਾਤ ਕਰਦਿਆਂ ਆਂਚਲ ਨੇ ਦੱਸਿਆ, "ਅਸੀਂ ਤਿੰਨ ਸਾਲਾਂ ਤੋਂ ਇੱਕ-ਦੂਜੇ ਨੂੰ ਪਿਆਰ ਕਰਦੇ ਸੀ। ਸਕਸ਼ਮ ਸਾਡੀ ਗਲੀ ਵਿੱਚ ਆਏ ਤੇ ਉਨ੍ਹਾਂ ਨੇ ਮੈਨੂੰ ਦੇਖਿਆ। ਇਸ ਤੋਂ ਬਾਅਦ ਉਨ੍ਹਾਂ ਨੇ ਮੈਨੂੰ ਇੰਸਟਾਗ੍ਰਾਮ 'ਤੇ ਮੈਸੇਜ ਕੀਤਾ। ਮੈਂ ਵੀ ਸਕਸ਼ਮ ਨਾਲ ਗੱਲਬਾਤ ਸ਼ੁਰੂ ਕੀਤੀ। ਹੌਲੀ-ਹੌਲੀ ਸਾਡੀ ਦੋਸਤੀ ਪਿਆਰ ਵਿੱਚ ਬਦਲ ਗਈ। ਅਸੀਂ ਮਿਲਦੇ ਸੀ, ਗੱਲਾਂ ਕਰਦੇ ਸੀ। ਫਿਰ ਮੇਰੇ ਘਰ ਵਾਲਿਆਂ ਨੂੰ ਇਸ ਸਭ ਬਾਰੇ ਪਤਾ ਲੱਗਾ।"



"ਮੇਰੇ ਘਰ ਵਾਲਿਆਂ ਨੇ ਕਿਹਾ, ਤੂੰ ਨੀਵੀਂ ਜਾਤ ਦੇ ਲੜਕੇ ਨਾਲ ਪਿਆਰ ਕਰਕੇ ਬਹੁਤ ਵੱਡੀ ਬੇਵਕੂਫ਼ੀ ਕੀਤੀ ਹੈ। ਮੈਂ ਬਹੁਤ ਰੋਂਦੀ ਸੀ। ਇੱਕ ਦਿਨ ਮੇਰੇ ਪਿਤਾ ਜੀ ਨੇ ਸਕਸ਼ਮ ਨੂੰ ਕਿਹਾ, 'ਜੇ ਤੂੰ ਮੇਰੀ ਧੀ ਨਾਲ ਵਿਆਹ ਕਰਵਾਉਣਾ ਹੈ ਤਾਂ ਤੈਨੂੰ ਸਾਡਾ ਧਰਮ ਸਵੀਕਾਰ ਕਰਨਾ ਪਵੇਗਾ, ਭਾਵ ਕਿ ਹਿੰਦੂ ਧਰਮ।' ਸਕਸ਼ਮ ਧਰਮ ਸਵੀਕਾਰ ਕਰਨ ਲਈ ਵੀ ਮੰਨ ਗਿਆ ਸੀ, ਕਿਉਂਕਿ ਉਹ ਮੇਰੇ ਪਿਆਰ ਲਈ ਕੁਝ ਵੀ ਕਰਨ ਨੂੰ ਤਿਆਰ ਸੀ।"

## 'ਅਸੀਂ ਆਂਚਲ ਨੂੰ ਆਪਣੇ ਪੁੱਤਰ ਵਾਂਗ ਰੱਖਾਂਗੇ'

ਨਾਂਦੇੜ ਦੇ ਇਤਵਾਰਾ ਪੁਲਿਸ ਸਟੇਸ਼ਨ ਦੀ ਹੱਦ ਅੰਦਰ ਸਕਸ਼ਮ ਦੀ ਹੱਤਿਆ ਕਰ ਦਿੱਤੀ ਗਈ। ਕਤਲ ਤੋਂ ਬਾਅਦ ਆਂਚਲ ਨੇ ਸਕਸ਼ਮ ਦੀ ਲਾਸ਼ ਨਾਲ ਵਿਆਹ ਕਰਵਾ ਲਿਆ। ਆਂਚਲ ਨੇ ਸਕਸ਼ਮ ਦੀ ਲਾਸ਼ 'ਤੇ ਹਲਦੀ ਅਤੇ ਕੇਸਰ ਲਗਾਇਆ ਅਤੇ ਖੁਦ 'ਤੇ ਵੀ ਹਲਦੀ ਅਤੇ ਕੇਸਰ ਲਗਾਇਆ।

ਕਹਿੰਦੇ ਹਨ, "ਅਸੀਂ 3 ਸਾਲ ਇਕੱਠੇ ਰਹੇ। ਸਾਡੇ ਬਹੁਤ ਸਾਰੇ ਸੁਪਨੇ ਸਨ। ਅਸੀਂ ਵਿਆਹ ਕਰਵਾਉਣ ਵਾਲੇ ਸੀ। ਇੰਨੇ ਸਾਰੇ ਸੁਪਨੇ ਸਨ ਜਿਨ੍ਹਾਂ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਸਕਸ਼ਮ ਵੀ ਵਿਆਹ ਕਰਵਾਉਣਾ ਚਾਹੁੰਦੇ ਸਨ। ਇਸ ਲਈ ਮੈਂ ਉਨ੍ਹਾਂ ਨਾਲ ਵਿਆਹ ਕਰ ਲਿਆ। ਹੁਣ ਮੈਂ ਹਮੇਸ਼ਾ ਇੱਥੇ ਹੀ ਰਹਾਂਗੀ, ਅੰਤ ਤੱਕ ਉਨ੍ਹਾਂ ਦੀ ਹੀ ਰਹਾਂਗੀ।"

"ਮੇਰੇ ਘਰ ਵਾਲਿਆਂ ਨੇ ਕਿਹਾ, ਤੂੰ ਨੀਵੀਂ ਜਾਤ ਦੇ ਲੜਕੇ ਨਾਲ ਪਿਆਰ ਕਰਕੇ ਬਹੁਤ ਵੱਡੀ ਬੇਵਕੂਫ਼ੀ ਕੀਤੀ ਹੈ। ਮੈਂ ਬਹੁਤ ਰੋਂਦੀ ਸੀ। ਇੱਕ ਦਿਨ ਮੇਰੇ ਪਿਤਾ ਜੀ ਨੇ ਸਕਸ਼ਮ ਨੂੰ ਕਿਹਾ, 'ਜੇ ਤੂੰ ਮੇਰੀ ਧੀ ਨਾਲ ਵਿਆਹ ਕਰਵਾਉਣਾ ਹੈ ਤਾਂ ਤੈਨੂੰ ਸਾਡਾ ਧਰਮ ਸਵੀਕਾਰ ਕਰਨਾ ਪਵੇਗਾ, ਭਾਵ ਕਿ ਹਿੰਦੂ ਧਰਮ।' ਸਕਸ਼ਮ ਧਰਮ ਸਵੀਕਾਰ ਕਰਨ ਲਈ ਵੀ ਮੰਨ ਗਿਆ ਸੀ, ਕਿਉਂਕਿ ਉਹ ਮੇਰੇ ਪਿਆਰ ਲਈ ਕੁਝ ਵੀ ਕਰਨ ਨੂੰ ਤਿਆਰ ਸੀ।"

'ਅਸੀਂ ਆਂਚਲ ਨੂੰ ਆਪਣੇ ਪੁੱਤਰ ਵਾਂਗ ਰੱਖਾਂਗੇ'

ਨਾਂਦੇੜ ਦੇ ਇਤਵਾਰਾ ਪੁਲਿਸ ਸਟੇਸ਼ਨ ਦੀ ਹੱਦ ਅੰਦਰ ਸਕਸ਼ਮ ਦੀ ਹੱਤਿਆ ਕਰ ਦਿੱਤੀ ਗਈ। ਕਤਲ ਤੋਂ ਬਾਅਦ ਆਂਚਲ ਨੇ ਸਕਸ਼ਮ ਦੀ ਲਾਸ਼ ਨਾਲ ਵਿਆਹ ਕਰਵਾ ਲਿਆ। ਆਂਚਲ ਨੇ ਸਕਸ਼ਮ ਦੀ ਲਾਸ਼ 'ਤੇ ਹਲਦੀ ਅਤੇ ਕੇਸਰ ਲਗਾਇਆ ਅਤੇ ਖੁਦ 'ਤੇ ਵੀ ਹਲਦੀ ਅਤੇ ਕੇਸਰ ਲਗਾਇਆ।

ਆਂਚਲ ਕਹਿੰਦੇ ਹਨ, "ਅਸੀਂ 3 ਸਾਲ ਇਕੱਠੇ ਰਹੇ। ਸਾਡੇ ਬਹੁਤ ਸਾਰੇ ਸੁਪਨੇ ਸਨ। ਅਸੀਂ ਵਿਆਹ ਕਰਵਾਉਣ ਵਾਲੇ ਸੀ। ਇੰਨੇ ਸਾਰੇ ਸੁਪਨੇ ਸਨ ਜਿਨ੍ਹਾਂ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਸਕਸ਼ਮ ਵੀ ਵਿਆਹ ਕਰਵਾਉਣਾ ਚਾਹੁੰਦੇ ਸਨ। ਇਸ ਲਈ ਮੈਂ ਉਨ੍ਹਾਂ ਨਾਲ ਵਿਆਹ ਕਰ ਲਿਆ। ਹੁਣ ਮੈਂ ਹਮੇਸ਼ਾ ਇੱਥੇ ਹੀ ਰਹਾਂਗੀ, ਅੰਤ ਤੱਕ ਉਨ੍ਹਾਂ ਦੀ ਹੀ ਰਹਾਂਗੀ।"

## ਆਂਚਲ ਫਿਲਹਾਲ ਸਕਸ਼ਮ ਦੇ ਹੀ ਘਰ ਰਹਿੰਦੇ ਹਨ।

ਸਕਸ਼ਮ ਦੀ ਮਾਂ ਸੰਗੀਤਾ ਤਾਟੇ ਨੇ ਕਿਹਾ, "ਜੇ ਆਂਚਲ ਸਾਡੇ ਨਾਲ ਰਹਿਣ ਲਈ ਤਿਆਰ ਹੈ ਤਾਂ ਅਸੀਂ ਉਸ ਨੂੰ ਆਪਣੇ ਪੁੱਤਰ ਵਾਂਗ ਰੱਖਾਂਗੇ।

ਆਂਚਲ ਕਹਿੰਦੇ ਹਨ, "ਮੇਰੇ ਮਾਪਿਆਂ ਨੂੰ ਘੱਟੋ-ਘੱਟ ਇੱਕ ਵਾਰ ਤਾਂ ਸਕਸ਼ਮ ਨੂੰ ਛੱਡ ਦੇਣਾ ਚਾਹੀਦਾ ਸੀ। ਉਹ ਸਮਝ ਸਕਦਾ ਸੀ, ਨਾ ਤਾਂ ਉਹ ਅਤੇ ਨਾ ਹੀ ਮੈਂ ਇੱਕ ਦੂਜੇ ਨਾਲ ਗੱਲ ਕਰਦੇ। ਉਨ੍ਹਾਂ ਨੂੰ ਇਸ ਤਰ੍ਹਾਂ ਮਾਰਨਾ ਗਲਤ ਸੀ। ਜਿਸ ਤਰ੍ਹਾਂ ਉਸ ਨੂੰ ਤੜਫ਼ਾ-ਤੜਫ਼ਾ ਕੇ ਮਾਰਿਆ ਗਿਆ, ਉਹੀ ਮੌਤ ਮੁਲਜ਼ਮਾਂ ਨੂੰ ਵੀ ਮਿਲਣੀ ਚਾਹੀਦੀ ਹੈ।"

## ਪੁਲਿਸ ਨੇ ਕੀ ਕਿਹਾ?

ਕਤਲ ਵਾਲੀ ਥਾਂ 'ਤੇ ਖੂਨ ਦੇ ਧੱਬੇ ਅਜੇ ਵੀ ਦਿਖਾਈ ਦੇ ਰਹੇ ਸਨ। ਹਮਲੇ ਵਿੱਚ ਵਰਤੀਆਂ ਗਈਆਂ ਟਾਈਲਾਂ ਨੇੜੇ ਹੀ ਪਈਆਂ ਸਨ। ਜ਼ਖ਼ਮ ਇੰਨੇ ਗੰਭੀਰ ਸਨ ਕਿ ਸਕਸ਼ਮ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਆਂਚਲ ਦਾ ਇਲਜ਼ਾਮ ਹੈ ਕਿ ਪੁਲਿਸ ਦੁਆਰਾ ਉਕਸਾਏ ਜਾਣ ਤੋਂ ਬਾਅਦ ਉਸ ਦੇ ਭਰਾ ਨੇ ਸਕਸ਼ਮ ਦੀ ਹੱਤਿਆ ਕੀਤੀ।

ਆਂਚਲ ਨੇ ਦੱਸਿਆ, ''ਪੁਲਿਸ ਥਾਣੇ ਦੇ ਮੁਲਾਜ਼ਮਾਂ ਨੇ ਮੇਰੇ ਭਰਾ ਨੂੰ ਕਿਹਾ ਕਿ ਤੂੰ ਐਵੇਂ ਹੋਰ ਕਿਸੇ ਨੂੰ ਮਾਰ ਕੇ ਇੱਥੇ ਆਵੇ, ਇਸ ਨਾਲੋਂ ਬਿਹਤਰ ਹੈ ਕਿ ਉਸ ਵਿਅਕਤੀ ਨੂੰ ਹੀ ਮਾਰ ਦੇ ਜਿਸ ਨਾਲ ਤੇਰੀ ਭੈਣ ਦਾ ਪਿਆਰ ਚੱਲ ਰਿਹਾ ਹੈ। ਉਸ ਨੂੰ ਮਾਰ ਕੇ ਆ ਅਤੇ ਫਿਰ ਸਾਨੂੰ ਆਪਣਾ ਮੂੰਹ ਦਿਖਾਈਂ।' "

## 'ਜੇ ਜਾਤੀਵਾਦ ਨਹੀਂ, ਤਾਂ ਮੌਤ ਦੀ ਸਜ਼ਾ ਹੋਣੀ ਚਾਹੀਦੀ'

ਸਕਸ਼ਮ ਤਾਟੇ ਹੱਤਿਆ ਕਾਂਡ ਦੇ ਸਾਰੇ 6 ਮੁਲਜ਼ਮਾਂ ਨੂੰ ਘਟਨਾ ਵਾਲੀ ਰਾਤ ਨੂੰ ਹੀ ਹਿਰਾਸਤ ਵਿੱਚ ਲੈ ਲਿਆ ਗਿਆ ਸੀ, ਇਹ ਜਾਣਕਾਰੀ ਪੁਲਿਸ ਨੇ ਦਿੱਤੀ ਹੈ। ਇਨ੍ਹਾਂ 6


ਸਕਸ਼ਮ ਦੀ ਮਾਂ ਸੰਗੀਤਾ ਤਾਟੇ

ਮੁਲਜ਼ਮਾਂ ਵਿੱਚੋਂ 1 ਔਰਤ ਹੈ, ਜਿਸ ਨੂੰ ਨਿਆਂਇਕ ਹਿਰਾਸਤ ਭੇਜ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਇੱਕ ਮੁਲਜ਼ਮ ਨਾਬਾਲਗ ਹੈ, ਜਿਸ ਨੂੰ ਬਾਲ ਸੁਧਾਰ ਘਰ ਭੇਜਿਆ ਗਿਆ ਹੈ। ਬਾਕੀ 4 ਮਲਜ਼ਮਾਂ ਨੂੰ 3 ਦਸੰਬਰ ਤੱਕ ਪੁਲਿਸ ਹਿਰਾਸਤ ਵਿੱਚ ਭੇਜਿਆ ਗਿਆ।

ਇਸ ਮਾਮਲੇ ਵਿੱਚ ਮੁਲਜ਼ਮਾਂ ਦਾ ਪੱਖ ਜਾਣਨ ਲਈ ਅਸੀਂ ਉਨ੍ਹਾਂ ਨਾਲ ਫੋਨ 'ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦਾ ਫੋਨ ਬੰਦ ਆਉਣ ਕਾਰਨ ਸੰਪਰਕ ਨਹੀਂ ਹੋ ਸਕਿਆ।

## ਸਕਸ਼ਮ ਦੇ ਪਰਿਵਾਰ ਦੀ ਮੰਗ ਹੈ ਕਿ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ।

ਸਕਸ਼ਮ ਦੀ ਮਾਂ ਸੰਗੀਤਾ ਤਾਟੇ ਕਹਿੰਦੇ ਹਨ, "ਜਾਤੀ ਕਰਕੇ ਉਨ੍ਹਾਂ ਨੇ ਮੇਰੇ ਪੁੱਤਰ ਨੂੰ ਮਾਰਿਆ ਹੈ, ਜੇ ਸੱਚਮੁੱਚ ਜਾਤੀਵਾਦ (ਜਾਤ-ਪਾਤ) ਨਹੀਂ ਹੈ ਤਾਂ ਮੇਰੇ ਪੁੱਤਰ ਨੂੰ ਜਲਦੀ ਤੋਂ ਜਲਦੀ ਇਨਸਾਫ਼ ਮਿਲਣਾ ਚਾਹੀਦਾ ਹੈ। ਮੁਲਜ਼ਮਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ ਮਤਲਬ ਕਿ ਫਾਂਸੀ ਦੀ ਸਜ਼ਾ, ਉਮਰ ਕੈਦ ਹੋਣੀ ਚਾਹੀਦੀ ਹੈ। ਉਨ੍ਹਾਂ ਵਿੱਚੋਂ ਇੱਕ ਵੀ ਮੁਲਜ਼ਮ ਬਾਹਰ ਨਹੀਂ ਆਉਣਾ ਚਾਹੀਦਾ। ਸਰਕਾਰ ਅੱਗੇ ਸਾਡੀ ਸਿਰਫ਼ ਇਹੀ ਮੰਗ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਦਸੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

### ਕਰੋੜਾਂ ਲੋਕਾਂ ਨੂੰ ਅਛੂਤ ਅਤੇ ਅਪਰਾਧੀ ਮੰਨਣ ਵਾਲਿਆਂ ਨੂੰ ਆਜ਼ਾਦੀ ਮੰਗਣ ਦਾ ਕੋਈ ਹੱਕ ਨਹੀਂ ਹੈ।

ਅਛੂਤਾਂ ਦੇ ਇੱਕੋ ਇੱਕ ਆਗੂ ਅਤੇ ਭਾਰਤ ਸਰਕਾਰ ਦੇ ਕਾਰਜਕਾਰੀ ਬੋਰਡ ਦੇ ਮੈਂਬਰ ਡਾ: ਬਾਬਾ ਸਾਹਿਬ ਅੰਬੇਡਕਰ 14 ਜਨਵਰੀ 1946 ਦੀ ਸਵੇਰ ਨੂੰ ਮਦਰਾਸ ਮੇਲ ਰਾਹੀਂ ਸੋਲਾਪੁਰ ਆਏ ਸਨ।

ਸਵੇਰੇ ਸੋਲਾਪੁਰ ਨਗਰ ਪਾਲਿਕਾ ਅਤੇ ਜ਼ਿਲ੍ਹਾ ਲੋਕਲ ਬੋਰਡ



ਸੰਗਠਨ ਦੀ ਤਰਫੋਂ ਹਰੀਭਾਈ ਦੇਵਕਰਨ ਹਾਈ ਸਕੂਲ ਦੇ ਕੇ. ਰਾ. ਮੂਲੇ ਮੰਦਿਰ ਵਿਖੇ ਬੀ. ਡਾ: ਅੰਬੇਡਕਰ ਨੂੰ ਯਾਦਗਾਰੀ ਪ੍ਰਸ਼ੰਸਾ ਪੱਤਰ ਭੇਟ ਕੀਤਾ ਗਿਆ | ਇਸ ਮੌਕੇ ਸ਼ਹਿਰ ਦੇ ਉੱਘੇ ਵਪਾਰੀ, ਡਾਕਟਰ, ਸਰਕਾਰੀ ਅਧਿਕਾਰੀ, ਵਕੀਲ ਆਦਿ ਸੱਦੇ ਗਏ ਪਤਵੰਤੇ ਹਾਜ਼ਰ ਸਨ।

ਸ਼ੁਰੂ ਵਿੱਚ ਨਗਰ ਪਾਲਿਕਾ ਵੱਲੋਂ ਮੁਹੱਈਆ ਕਰਵਾਏ ਜਾਣ ਵਾਲੇ ਪ੍ਰਸ਼ੰਸਾ ਪੱਤਰ ਦਾ ਖਰੜਾ ਨਗਰ ਕੌਂਸਲ ਦੇ ਪ੍ਰਧਾਨ ਰਾ. ਬੀ. ਨਾਗੱਪਾ ਅੰਨਾ ਅਫਜ਼ੁਲਪੁਰਕਰ ਨੇ ਪੜ੍ਹਿਆ। ਫਿਰ ਡਾ: ਬਾਬਾ ਸਾਹਿਬ ਅੰਬੇਡਕਰ ਨੂੰ ਪ੍ਰਸ਼ੰਸਾ ਪੱਤਰ ਭੇਂਟ ਕੀਤਾ ਗਿਆ। ਉਪਰੰਤ ਜ਼ਿਲ੍ਹਾ ਬੋਰਡ ਵੱਲੋਂ ਪ੍ਰਸ਼ੰਸਾ ਪੱਤਰ ਬੋਰਡ ਦੇ ਚੇਅਰਮੈਨ ਸ੍ਰੀ ਜੀ. ਡੀ. ਸਾਠ ਨੇ ਪੜ੍ਹ ਕੇ ਪੇਸ਼ ਕੀਤਾ। ਪ੍ਰਸ਼ੰਸਾ ਪੱਤਰ ਸਵੀਕਾਰ ਕਰਨ ਤੋਂ ਬਾਅਦ, ਡਾ. ਅੰਬੇਡਕਰ ਨੇ ਕਿਹਾ-

ਮੈਂ ਬਹੁਤ ਧੰਨਵਾਦੀ ਹਾਂ ਕਿ ਮੈਨੂੰ ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ ਗਿਆ ਹੈ। ਸੋਲਾਪੁਰ ਸ਼ਹਿਰ ਮੇਰੇ ਲਈ ਅਣਜਾਣ ਨਹੀਂ ਹੈ। ਮੈਂ ਇੱਥੇ ਕਈ ਵਾਰ ਆਇਆ ਹਾਂ। ਰਾਜਨੀਤੀ ਅਤੇ ਸਮਾਜਿਕ ਕੰਮਾਂ ਨੂੰ ਵੀ ਅੱਗੇ ਵਧਾਇਆ ਹੈ। ਦਰਅਸਲ, ਮੇਰਾ ਜਨਤਕ ਕੰਮ ਸੋਲਾਪੁਰ ਤੋਂ ਹੀ ਸ਼ੁਰੂ ਹੋਇਆ ਸੀ। ਸਵੈ. ਰਾ. ਬੀ. ਮੂਲੇ ਨੇ ਅਛੂਤਾਂ ਲਈ ਬੋਰਡਿੰਗ ਖੋਲ੍ਹਿਆ ਹੈ ਅਤੇ ਖੁਸ਼ੀ ਦਾ ਗੱਲ ਹੈ। ਕਿ ਉਸਦੇ ਕੰਮ ਨੂੰ ਉਸਦੇ ਭਰਾ ਡਾ. ਭਲਚੰਦਰ ਰਾਓ ਬਨਾਮ ਕਾਕਾ ਸਾਹਿਬ ਮੂਲੇ ਨੇ ਚੰਗੇ ਤਰੀਕੇ ਨਾਲ ਅੱਗੇ ਵਧਾਇਆ ਹੈ।

ਜੇਕਰ ਅਸੀਂ ਭਾਰਤ ਸਰਕਾਰ ਦੇ ਹੁਣ ਤੱਕ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਅਸੀਂ ਦੇਖ ਸਕਦੇ ਹਾਂ ਕਿ ਟੈਕਸ ਇਕੱਠਾ ਕਰਨਾ ਅਤੇ ਕਾਨੂੰਨ ਵਿਵਸਥਾ 'ਤੇ ਨਜ਼ਰ ਰੱਖਣਾ ਉਨ੍ਹਾਂ ਦੇ ਸਾਹਮਣੇ ਦੋ ਹੀ ਉਦੇਸ਼ ਸਨ। ਹਾਲਾਂਕਿ ਫਿਲਹਾਲ ਇਸ 'ਚ ਕੁਝ ਬਦਲਾਅ ਕੀਤਾ ਗਿਆ ਹੈ। ਦੇਸ਼ ਦੀ ਗਰੀਬੀ ਦੁਨੀਆਂ ਦੇ ਇਤਿਹਾਸ ਵਿੱਚ ਆਪਣੀ ਹੀ ਕਿਸਮ ਦੀ ਮਿਸਾਲ ਹੈ। ਹਰ ਕੋਈ ਇਸ ਗੱਲ ਨਾਲ ਸਹਿਮਤ ਹੋਵੇਗਾ ਕਿ ਅਸੀਂ ਇਸ ਗਰੀਬੀ ਨੂੰ ਮਿਟਾਉਣ ਦਾ ਟੀਚਾ ਖੁਦ ਮਿੱਥ ਲਿਆ ਹੈ। ਦਿੱਲੀ ਵਿੱਚ ਪੁਨਰਗਠਨ ਦਾ ਕੰਮ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਕੇਂਦਰ ਸਰਕਾਰ ਦੀ ਊਰਜਾ ਦਾ 90 ਫੀਸਦੀ ਹਿੱਸਾ ਰਹਿਣ-ਸਹਿਣ ਦੀਆਂ ਸਹੂਲਤਾਂ, ਸਿੱਖਿਆ, ਵਪਾਰ ਅਤੇ ਉਦਯੋਗ ਆਦਿ 'ਤੇ ਖਰਚ ਹੋ ਰਿਹਾ ਹੈ। ਇਸ ਕੰਮ ਵਿੱਚ ਲੋਕਲ ਬੋਰਡ ਅਤੇ ਨਗਰ ਨਿਗਮ ਦੀ ਮਦਦ ਲੈਣ ਦੀ ਨੀਤੀ ਅਪਣਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਮੈਂ ਹੁਣ ਮੰਤਰੀ ਹਾਂ। ਕੇਂਦਰ ਸਰਕਾਰ ਮਜ਼ਦੂਰਾਂ ਦੇ ਹਿੱਤਾਂ ਵੱਲ ਵੱਧ ਧਿਆਨ ਦੇ ਰਹੀ ਹੈ। 1930 ਵਿੱਚ, ਇਸ ਮੁੱਦੇ ਬਾਰੇ ਇੱਕ ਸ਼ਾਹੀ ਕਮਿਸ਼ਨ ਬਣਾਇਆ ਗਿਆ ਸੀ। ਇਸ ਕਮਿਸ਼ਨ ਨੇ ਕਈ ਜਾਣਕਾਰੀਆਂ ਦਿੱਤੀਆਂ ਸਨ। ਜੇਕਰ ਅਸੀਂ 1930 ਤੋਂ 1942 ਤੱਕ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਅਸੀਂ ਦੇਖਾਂਗੇ ਕਿ ਇਸ ਸਬੰਧ ਵਿਚ ਕੁਝ ਵੀ ਨਹੀਂ ਕੀਤਾ ਗਿਆ। ਪਰ 1942, ਯਾਨੀ ਕਿ ਮੇਰੇ ਦੁਆਰਾ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ, ਅੱਜ 1946 ਤੱਕ, ਸਿਰਫ 3 ਸਾਲਾਂ ਵਿੱਚ ਵਿਕਾਸ ਦੇਖਿਆ ਜਾਵੇਗਾ। ਇਹ ਸਵੈ-ਪ੍ਰਸ਼ੰਸਾ ਨਹੀਂ ਹੈ, ਪਰ ਅਸਲੀਅਤ ਹੈ. 1920 ਤੋਂ ਅੱਜ ਤੱਕ ਕੇਂਦਰੀ ਅਸੈਂਬਲੀ ਵਿੱਚ ਮਜ਼ਦੂਰਾਂ ਦਾ ਇੱਕ ਹੀ ਪ੍ਰਤੀਨਿਧ ਲਿਆ ਗਿਆ। ਅੱਜ ਤੁਸੀਂ ਦੇਖੋਗੇ ਕਿ ਲੋਕ ਸਭਾ ਵਿੱਚ 3 ਮਜ਼ਦੂਰ ਨੁਮਾਇੰਦੇ ਹਨ। ਹੁਣ ਤੱਕ ਰਾਜਾਂ ਦੀ ਕੌਂਸਲ ਵਿੱਚ ਇੱਕ ਵੀ ਲੇਬਰ ਪ੍ਰਤੀਨਿਧੀ ਨਹੀਂ ਲਿਆ ਗਿਆ ਸੀ, ਪਰ ਹੁਣ ਤੋਂ ਇੱਕ ਨੁਮਾਇੰਦਾ ਉੱਥੇ ਵੀ ਲਿਆ ਜਾਵੇਗਾ।

ਆਗਾਮੀ ਕੇਂਦਰੀ ਅਸੈਂਬਲੀ ਦੀ ਮੀਟਿੰਗ ਵਿੱਚ 10 ਬਿੱਲ ਪੇਸ਼ ਕੀਤੇ ਜਾ ਰਹੇ ਹਨ ਜੋ ਕਿ ਵਰਕਰਾਂ ਦੇ ਹਿੱਤ ਵਿੱਚ ਹੋਣਗੇ। ਮੈਂ ਉਨ੍ਹਾਂ ਦਾ ਖਰੜਾ ਤਿਆਰ ਕਰ ਲਿਆ ਹੈ। ਇਸ ਤੋਂ ਪਤਾ ਲੱਗੇਗਾ ਕਿ ਦੇਸ਼ ਵਿੱਚ ਸਮਾਜਿਕ ਅਤੇ ਆਰਥਿਕ ਗਰੀਬੀ ਨੂੰ ਦੂਰ ਕਰਨ ਲਈ ਕਿਵੇਂ ਯਤਨ ਕੀਤੇ ਜਾ ਰਹੇ ਹਨ।

ਦੇਸ਼ ਦੇ ਸਮਾਜਿਕ ਹਾਲਾਤ ਅਜੀਬ ਹੋ ਗਏ ਹਨ। ਇਸ ਦੇਸ਼ ਵਿੱਚ ਛੇ ਕਰੋੜ ਲੋਕ ਅਜਿਹੇ ਹਨ ਜੋ ਆਪਣੇ ਆਪ ਨੂੰ ਅਛੂਤ ਸਮਝਦੇ ਹਨ ਅਤੇ ਛੂਤ-ਛਾਤ ਦਾ ਪਾਲਣ ਕਰਦੇ ਹਨ। ਇਸ ਦੇਸ਼ ਵਿੱਚ 25 ਲੱਖ ਲੋਕ ਅਜਿਹੇ ਹਨ ਜੋ ਜੁਰਮਾਂ ਨੂੰ ਰੋਜ਼ੀ-ਰੋਟੀ ਦਾ

"ਇਕੁਐਲਿਟੀ ਐਂਡ ਜਸਟਿਸ" Rs- 100/month
"Equality and Justice" स्वतंत्रता, समानता, भाईचारा

ਸਾਧਨ ਬਣਾਉਂਦੇ ਹਨ। ਇਤਿਹਾਸ ਦੱਸਦਾ ਹੈ ਕਿ ਇਸ ਦੇਸ਼ ਵਿੱਚ ਅੱਠ ਹਜ਼ਾਰ ਸਾਲ ਪਹਿਲਾਂ ਸੱਭਿਆਚਾਰ ਦਾ ਨਿਰਮਾਣ ਹੋਇਆ ਸੀ। ਇਸ ਤਰ੍ਹਾਂ ਦੇ ਵੀ ਲੱਖਾਂ ਲੋਕ ਹਨ, ਜਿਨ੍ਹਾਂ ਨੂੰ ਇਹ ਨਹੀਂ ਪਤਾ ਕਿ ਕੱਪੜੇ ਕਿਵੇਂ ਪਾਉਣੇ ਹਨ, ਕੀ ਖਾਣਾ ਹੈ ਆਦਿ। ਇਹ ਜ਼ਿੰਮੇਵਾਰੀ ਉਨ੍ਹਾਂ 'ਤੇ ਨਿਰਭਰ ਕਰਦੀ ਹੈ ਜੋ ਸਮਰੱਥ ਹਨ. ਇਹ ਜ਼ਿੰਮੇਵਾਰੀ ਉਹਨਾਂ ਲੋਕਾਂ ਦੀ ਵੀ ਵੱਧ ਹੈ ਜੋ ਕਹਿੰਦੇ ਹਨ ਕਿ ਦੇਸ਼ ਆਜ਼ਾਦ ਹੋਣਾ ਚਾਹੀਦਾ ਹੈ। ਕਰੋੜਾਂ ਲੋਕਾਂ ਨੂੰ ਅਛੂਤ ਅਤੇ ਅਪਰਾਧੀ ਮੰਨਣ ਵਾਲਿਆਂ ਨੂੰ ਆਜ਼ਾਦੀ ਮੰਗਣ ਦਾ ਹੱਕ ਕਿਵੇਂ ਹੋ ਸਕਦਾ ਹੈ? ਇਸ ਜ਼ਿੰਮੇਵਾਰੀ ਤੋਂ ਬਚਿਆ ਨਹੀਂ ਜਾ ਸਕਦਾ।

ਆਜ਼ਾਦੀ ਦੀ ਮੰਗ ਕਰਨੀ ਬਹੁਤ ਆਸਾਨ ਹੈ। ਮੈਨੂੰ ਅਕਸਰ ਪੁੱਛਿਆ ਜਾਂਦਾ ਹੈ, " ਡਾ: ਸਾਹਬ ਤੁਸੀਂ ਕਾਂਗਰਸ ਵਿੱਚ ਸ਼ਾਮਲ ਕਿਉਂ ਨਹੀਂ ਹੋ ਜਾਂਦੇ?" ਤੁਹਾਡੀ ਇੱਜ਼ਤ ਵਧੇਗੀ, ਤੁਹਾਡਾ ਨਾਮ ਹਰ ਰੋਜ਼ ਅਖਬਾਰ ਵਿੱਚ ਸਹੀ ਥਾਂ 'ਤੇ ਛਪੇਗਾ।""ਪਰ ਮੈਨੂੰ ਇਹ ਕਹਿਣ ਤੋਂ ਵੱਧ ਕੁਝ ਕਰਨ ਦੀ ਲੋੜ ਹੈ ਕਿ ਮੈਂ ਜਿੱਥੇ ਵੀ ਜਾਂਦਾ ਹਾਂ ਕੁਝ ਅਜਿਹੀ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ, ਉਦੋਂ ਮਨ ਦੁਖੀ ਹੁੰਦਾ ਹੈ। ਛੂਤ-ਛਾਤ ਦੇ ਖਾਤਮੇ ਦਾ ਅਸਲ ਕੰਮ ਮੈਂ ਹੀ ਕਰ ਰਿਹਾ ਹਾਂ।

ਅਸਲ ਵਿੱਚ ਇਹ ਕੰਮ ਛੂਹਣਯੋਗ ਸਮਾਜ ਦੇ ਆਗੂਆਂ ਦਾ ਹੈ। ਅੰਗਰੇਜ਼ਾਂ ਤੋਂ ਆਜ਼ਾਦੀ ਮੰਗਣ ਵਾਲਿਆਂ ਨੂੰ ਆਪਣੇ ਦੇਸ਼ ਵਿੱਚ ਛੂਤ-ਛਾਤ ਦੀ ਸਮੱਸਿਆ ਨੂੰ ਹੱਲ ਕਰਨ ਦਾ ਕੰਮ ਲੈਣਾ ਚਾਹੀਦਾ ਹੈ। ਮੈਂ ਜਾਣਦਾ ਹਾਂ ਕਿ ਸਵਰਾਜ ਦੀ ਮੰਗ ਕਰਨ ਵਾਲੇ ਇਨ੍ਹਾਂ ਲੋਕਾਂ ਬਾਰੇ ਅੰਗਰੇਜ਼ ਆਪਣੇ ਦਿਲਾਂ ਵਿੱਚ ਕੀ ਸੋਚਦੇ ਹਨ। ਜਿੰਨੀ ਜਲਦੀ ਛੂਤ-ਛਾਤ ਦਾ ਖਾਤਮਾ ਕੀਤਾ ਜਾਵੇਗਾ, ਓਨੀ ਜਲਦੀ ਸਾਨੂੰ ਆਜ਼ਾਦੀ ਮਿਲੇਗੀ (ਸਵਰਾਜ ਸਾਡੇ ਹੱਥਾਂ ਵਿਚ ਆਵੇਗਾ)। ਇਹ ਪੱਕਾ ਹੈ ਕਿ ਉਸ ਤੋਂ ਬਿਨਾਂ ਸਵਰਾਜ ਪ੍ਰਾਪਤ ਨਹੀਂ ਹੋਵੇਗਾ।

---

"Equality and justice"
Patiala 03 December
INTERNATIONAL PAPER, 94636 01616
hardipchumber57@gmail.com

# ਡਾ. ਅੰਬੇਡਕਰ ਦਾ ਸੋਲਾਪੁਰ ਭਾਸ਼ਣ: ਸਮਾਜਿਕ ਸੁਧਾਰ ਅਤੇ ਸਵੈ-ਸ਼ਾਸਨ

Eng. Hardip Singh Chumber

## ਕਾਰਜਕਾਰੀ ਸੰਖੇਪ

14 ਜਨਵਰੀ, 1946 ਨੂੰ ਸੋਲਾਪੁਰ ਵਿੱਚ ਦਿੱਤੇ ਆਪਣੇ ਭਾਸ਼ਣ ਵਿੱਚ, ਡਾ. ਬਾਬਾ ਸਾਹਿਬ ਅੰਬੇਡਕਰ ਨੇ ਭਾਰਤ ਦੀ ਆਜ਼ਾਦੀ ਦੀ ਮੰਗ ਨੂੰ ਦੇਸ਼ ਦੀਆਂ ਗੰਭੀਰ ਸਮਾਜਿਕ ਬੁਰਾਈਆਂ, ਖਾਸ ਕਰਕੇ ਛੂਤ-ਛਾਤ ਦੇ ਖਾਤਮੇ ਨਾਲ ਸਿੱਧਾ ਜੋੜਿਆ। ਉਨ੍ਹਾਂ ਦਲੀਲ ਦਿੱਤੀ ਕਿ ਇੱਕ ਸਮਾਜ ਜੋ ਲੱਖਾਂ ਲੋਕਾਂ ਨੂੰ ਅਛੂਤ ਅਤੇ ਅਪਰਾਧੀ ਸਮਝਦਾ ਹੈ, ਨੂੰ ਰਾਜਨੀਤਿਕ ਆਜ਼ਾਦੀ ਦੀ ਮੰਗ ਕਰਨ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ। ਆਪਣੇ ਭਾਸ਼ਣ ਵਿੱਚ, ਉਨ੍ਹਾਂ ਨੇ ਭਾਰਤ ਸਰਕਾਰ ਦੀ ਕਾਰਜਕਾਰੀ ਕੌਂਸਲ ਦੇ ਮੈਂਬਰ ਵਜੋਂ ਆਪਣੇ ਕਾਰਜਕਾਲ ਦੌਰਾਨ ਕਿਰਤ ਸੁਧਾਰਾਂ ਦੇ ਖੇਤਰ ਵਿੱਚ ਕੀਤੀਆਂ ਠੋਸ ਪ੍ਰਾਪਤੀਆਂ ਨੂੰ ਉਜਾਗਰ ਕੀਤਾ, ਇਸਨੂੰ ਸਿਰਫ਼ ਬੋਲ-ਚਾਲ ਦੀ ਬਜਾਏ ਕਾਰਵਾਈ ਪ੍ਰਤੀ ਆਪਣੀ ਵਚਨਬੱਧਤਾ ਦੇ ਸਬੂਤ ਵਜੋਂ ਪੇਸ਼ ਕੀਤਾ। ਡਾ. ਅੰਬੇਡਕਰ ਨੇ ਸਪੱਸ਼ਟ ਕੀਤਾ ਕਿ ਸਮਾਜਿਕ ਸਮਾਨਤਾ ਅਤੇ ਨਿਆਂ ਦੀ ਸਥਾਪਨਾ ਤੋਂ ਬਿਨਾਂ ਸੱਚਾ ਸਵਰਾਜ ਪ੍ਰਾਪਤ ਨਹੀਂ ਕੀਤਾ ਜਾ ਸਕਦਾ, ਅਤੇ ਇਹ ਜ਼ਿੰਮੇਵਾਰੀ ਮੁੱਖ ਤੌਰ 'ਤੇ ਅਛੂਤ ਭਾਈਚਾਰੇ ਦੇ ਆਗੂਆਂ 'ਤੇ ਸੀ ਜੋ ਅੰਗਰੇਜ਼ਾਂ ਤੋਂ ਆਜ਼ਾਦੀ ਦੀ ਮੰਗ ਕਰ ਰਹੇ ਸਨ।

## ਵਿਸਤ੍ਰਿਤ ਵਿਸ਼ਲੇਸ਼ਣ

### 1. ਪਿਛੋਕੜ ਅਤੇ ਸੰਦਰਭ

* ਘਟਨਾ: ਡਾ. ਬਾਬਾ ਸਾਹਿਬ ਅੰਬੇਡਕਰ 14 ਜਨਵਰੀ, 1946 ਨੂੰ ਸੋਲਾਪੁਰ ਪਹੁੰਚੇ।

* ਸਨਮਾਨ: ਸੋਲਾਪੁਰ ਨਗਰਪਾਲਿਕਾ ਅਤੇ ਜ਼ਿਲ੍ਹਾ ਸਥਾਨਕ ਬੋਰਡ ਨੇ ਹਰੀਭਾਈ ਦੇਵਕਰਨ ਹਾਈ ਸਕੂਲ ਵਿਖੇ ਸਵਰਗੀ ਆਰ.ਬੀ. ਮੂਲੇ ਯਾਦਗਾਰੀ ਮੰਦਰ ਵਿਖੇ ਆਯੋਜਿਤ ਇੱਕ ਸਮਾਰੋਹ ਵਿੱਚ ਉਨ੍ਹਾਂ ਨੂੰ ਪ੍ਰਸ਼ੰਸਾ ਪੱਤਰ ਭੇਟ ਕੀਤੇ।

* ਹਾਜ਼ਰੀ: ਇਸ ਸਮਾਗਮ ਵਿੱਚ ਸ਼ਹਿਰ ਦੇ ਪ੍ਰਮੁੱਖ ਕਾਰੋਬਾਰੀ, ਡਾਕਟਰ, ਸਰਕਾਰੀ ਅਧਿਕਾਰੀ ਅਤੇ ਵਕੀਲ ਸ਼ਾਮਲ ਸਨ।

* ਸੋਲਾਪੁਰ ਨਾਲ ਸਬੰਧ: ਡਾ. ਅੰਬੇਡਕਰ ਨੇ ਜ਼ਿਕਰ ਕੀਤਾ ਕਿ ਉਨ੍ਹਾਂ ਦੇ ਸੋਲਾਪੁਰ ਨਾਲ ਡੂੰਘੇ ਸਬੰਧ ਸਨ ਅਤੇ ਉਨ੍ਹਾਂ ਦਾ ਜਨਤਕ ਜੀਵਨ ਪ੍ਰਭਾਵਸ਼ਾਲੀ ਢੰਗ ਨਾਲ ਇੱਥੋਂ ਸ਼ੁਰੂ ਹੋਇਆ ਸੀ। ਉਨ੍ਹਾਂ ਨੇ ਅਛੂਤਾਂ ਲਈ ਬੋਰਡਿੰਗ ਸਕੂਲ ਖੋਲ੍ਹਣ ਲਈ ਸਵਰਗੀ ਆਰ.ਬੀ. ਮੂਲੇ ਅਤੇ ਉਨ੍ਹਾਂ ਦੇ ਭਰਾ, ਡਾ. ਭਾਲਚੰਦਰ ਰਾਓ ਮੂਲੇ ਦੀ ਪ੍ਰਸ਼ੰਸਾ ਕੀਤੀ, ਉਨ੍ਹਾਂ ਦੇ ਕੰਮ ਨੂੰ ਅੱਗੇ ਵਧਾਉਣ ਲਈ।

### 2. ਸਰਕਾਰੀ ਨੀਤੀ ਅਤੇ ਕਿਰਤ ਸੁਧਾਰਾਂ ਵਿੱਚ ਬਦਲਾਅ

ਡਾ. ਅੰਬੇਡਕਰ ਨੇ ਸਰਕਾਰ ਦੇ ਪਹੁੰਚ ਵਿੱਚ ਤਬਦੀਲੀ ਅਤੇ ਕਿਰਤ ਮੰਤਰੀ ਵਜੋਂ ਉਨ੍ਹਾਂ ਦੀ ਭੂਮਿਕਾ ਨੂੰ ਉਜਾਗਰ ਕੀਤਾ।

* ਇਤਿਹਾਸਕ ਦ੍ਰਿਸ਼ਟੀਕੋਣ: ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਰਵਾਇਤੀ ਤੌਰ 'ਤੇ ਸਿਰਫ ਦੋ ਮੁੱਖ ਉਦੇਸ਼ਾਂ 'ਤੇ ਕੇਂਦ੍ਰਿਤ ਰਹੀ ਹੈ: ਟੈਕਸ ਇਕੱਠਾ ਕਰਨਾ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣਾ।

* ਮੌਜੂਦਾ ਬਦਲਾਅ: ਸਰਕਾਰ ਹੁਣ ਦੇਸ਼ ਵਿੱਚੋਂ ਅਤਿ ਗਰੀਬੀ ਨੂੰ ਖਤਮ ਕਰਨ ਦਾ ਟੀਚਾ ਰੱਖਦੀ ਹੈ। ਕੇਂਦਰ ਸਰਕਾਰ ਆਪਣੀ 90% ਊਰਜਾ ਰਿਹਾਇਸ਼, ਸਿੱਖਿਆ, ਕਾਰੋਬਾਰ ਅਤੇ ਉਦਯੋਗ ਵਰਗੇ ਪੁਨਰਗਠਨ ਪ੍ਰੋਜੈਕਟਾਂ ਲਈ ਸਮਰਪਿਤ ਕਰ ਰਹੀ ਹੈ। ਸਥਾਨਕ ਬੋਰਡਾਂ ਅਤੇ ਨਗਰ ਪਾਲਿਕਾਵਾਂ ਨੂੰ ਇਨ੍ਹਾਂ ਕੰਮਾਂ ਵਿੱਚ ਸ਼ਾਮਲ ਕਰਨ ਲਈ ਇੱਕ ਨਵੀਂ ਨੀਤੀ ਬਣਾਈ ਜਾ ਰਹੀ ਹੈ।

#### * ਕਿਰਤ ਮੰਤਰੀ (1942-1946) ਵਜੋਂ ਪ੍ਰਾਪਤੀਆਂ:

* ਉਨ੍ਹਾਂ ਨੇ 1930 ਤੋਂ 1942 ਤੱਕ 1930 ਵਿੱਚ ਬਣੇ ਰਾਇਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ 'ਤੇ ਕਾਰਵਾਈ ਦੀ ਘਾਟ ਵੱਲ ਧਿਆਨ ਖਿੱਚਿਆ।

* ਇਸ ਦੇ ਉਲਟ, ਉਨ੍ਹਾਂ ਨੇ ਆਪਣੇ ਤਿੰਨ ਸਾਲਾਂ ਦੇ ਕਾਰਜਕਾਲ (1942-1946) ਦੌਰਾਨ ਕੀਤੇ ਗਏ ਮਹੱਤਵਪੂਰਨ ਵਿਕਾਸ ਨੂੰ ਉਜਾਗਰ ਕੀਤਾ, ਜਿਸਨੂੰ ਉਨ੍ਹਾਂ ਨੇ "ਸਵੈ-ਪ੍ਰਸ਼ੰਸਾ ਨਹੀਂ, ਸਗੋਂ ਹਕੀਕਤ" ਕਿਹਾ।

#### * ਵਧੀ ਹੋਈ ਪ੍ਰਤੀਨਿਧਤਾ:

* ਕੇਂਦਰੀ ਅਸੈਂਬਲੀ ਵਿੱਚ ਮਜ਼ਦੂਰ ਪ੍ਰਤੀਨਿਧੀਆਂ ਦੀ ਗਿਣਤੀ ਇੱਕ ਤੋਂ ਵਧਾ ਕੇ ਤਿੰਨ ਕਰ ਦਿੱਤੀ ਗਈ।

* ਪਹਿਲੀ ਵਾਰ, ਰਾਜਾਂ ਦੀ ਕੌਂਸਲ ਵਿੱਚ ਮਜ਼ਦੂਰਾਂ ਲਈ ਇੱਕ ਪ੍ਰਤੀਨਿਧੀ ਪ੍ਰਦਾਨ ਕੀਤਾ ਗਿਆ।

* ਵਿਧਾਨਕ ਕੰਮ: ਉਨ੍ਹਾਂ ਨੇ ਆਉਣ ਵਾਲੀ ਕੇਂਦਰੀ ਅਸੈਂਬਲੀ ਮੀਟਿੰਗ ਲਈ ਮਜ਼ਦੂਰਾਂ ਦੇ ਹਿੱਤ ਵਿੱਚ 10 ਬਿੱਲ ਤਿਆਰ ਕੀਤੇ। ਇਹ ਦੇਸ਼ ਵਿੱਚ ਸਮਾਜਿਕ ਅਤੇ ਆਰਥਿਕ ਗਰੀਬੀ ਨੂੰ ਦੂਰ ਕਰਨ ਦੇ ਇੱਕ ਵਿਆਪਕ ਯਤਨ ਦਾ ਹਿੱਸਾ ਸੀ।

### 3. ਸਮਾਜਿਕ ਸੁਧਾਰ ਦੀ ਜ਼ਰੂਰਤ ਅਤੇ ਸਵਰਾਜ ਦੀ ਮੰਗ

ਭਾਸ਼ਣ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਭਾਰਤ ਦੀਆਂ ਸਮਾਜਿਕ ਸਥਿਤੀਆਂ ਅਤੇ ਆਜ਼ਾਦੀ ਦੀ ਮੰਗ ਵਿਚਕਾਰ ਸਬੰਧ 'ਤੇ ਕੇਂਦ੍ਰਿਤ ਸੀ।

#### * ਦੇਸ਼ ਦੀ ਸਮਾਜਿਕ ਸਥਿਤੀ:

* ਛੂਤ-ਛਾਤ: ਦੇਸ਼ ਵਿੱਚ 60 ਮਿਲੀਅਨ ਲੋਕ ਹਨ ਜਿਨ੍ਹਾਂ ਨੂੰ ਅਛੂਤ ਮੰਨਿਆ ਜਾਂਦਾ ਹੈ।

ਅਪਰਾਧੀ ਕਬੀਲੇ: ਲਗਭਗ 2.5 ਮਿਲੀਅਨ ਲੋਕ ਹਨ ਜੋ ਪੇਸ਼ੇ ਵਜੋਂ ਅਪਰਾਧ ਕਰਦੇ ਹਨ।


* ਵਿਆਪਕ ਅਗਿਆਨਤਾ: ਅੱਠ ਹਜ਼ਾਰ ਸਾਲ ਪੁਰਾਣੀ ਸੰਸਕ੍ਰਿਤੀ ਦੇ ਬਾਵਜੂਦ, ਲੱਖਾਂ ਲੋਕਾਂ ਵਿੱਚ ਪਹਿਰਾਵਾ ਅਤੇ ਖਾਣ-ਪੀਣ ਵਰਗੀਆਂ ਬੁਨਿਆਦੀ ਰਹਿਣ-ਸਹਿਣ ਦੀਆਂ ਆਦਤਾਂ ਦੀ ਵੀ ਘਾਟ ਹੈ।

#### * ਆਜ਼ਾਦੀ ਦੀ ਮੰਗ 'ਤੇ ਨੈਤਿਕ ਸਵਾਲ:

* ਡਾ. ਅੰਬੇਡਕਰ ਨੇ ਦਲੀਲ ਦਿੱਤੀ ਕਿ ਜੋ ਲੋਕ ਇਨ੍ਹਾਂ ਸਮਾਜਿਕ ਬੁਰਾਈਆਂ ਨੂੰ ਕਾਇਮ ਰੱਖਦੇ ਹਨ, ਉਨ੍ਹਾਂ ਨੂੰ ਆਜ਼ਾਦੀ ਦੀ ਮੰਗ ਕਰਨ ਦਾ ਕੋਈ ਅਧਿਕਾਰ ਨਹੀਂ ਹੈ।

* ਉਨ੍ਹਾਂ ਕਿਹਾ ਕਿ ਇਹ ਜ਼ਿੰਮੇਵਾਰੀ ਸੱਤਾਧਾਰੀ ਲੋਕਾਂ 'ਤੇ ਹੈ, ਖਾਸ ਕਰਕੇ ਦੇਸ਼ ਦੀ ਆਜ਼ਾਦੀ ਦੀ ਵਕਾਲਤ ਕਰਨ ਵਾਲਿਆਂ 'ਤੇ।

* ਉਨ੍ਹਾਂ ਅਨੁਸਾਰ, ਛੂਤ-ਛਾਤ ਨੂੰ ਖਤਮ ਕਰਨ ਦਾ ਅਸਲ ਕੰਮ



ਅਛੂਤ ਭਾਈਚਾਰੇ ਦੇ ਆਗੂਆਂ 'ਤੇ ਹੈ, ਜਿਨ੍ਹਾਂ ਨੂੰ ਅੰਗਰੇਜ਼ਾਂ ਤੋਂ ਆਜ਼ਾਦੀ ਦੀ ਮੰਗ ਕਰਨ ਤੋਂ ਪਹਿਲਾਂ ਆਪਣੇ ਦੇਸ਼ ਵਿੱਚ ਇਸ ਸਮੱਸਿਆ ਨੂੰ ਹੱਲ ਕਰਨਾ ਚਾਹੀਦਾ ਹੈ।

#### * ਕਾਂਗਰਸ ਵਿੱਚ ਸ਼ਾਮਲ ਨਾ ਹੋਣ ਦਾ ਕਾਰਨ:

* ਉਸਨੇ ਖੁਲਾਸਾ ਕੀਤਾ ਕਿ ਉਸਨੂੰ ਅਕਸਰ ਕਾਂਗਰਸ ਵਿੱਚ ਸ਼ਾਮਲ ਹੋਣ ਲਈ ਕਿਹਾ ਜਾਂਦਾ ਸੀ, ਇਹ ਮੰਨਦੇ ਹੋਏ ਕਿ ਇਸ ਨਾਲ ਉਸਨੂੰ ਵਧੇਰੇ ਸਤਿਕਾਰ ਅਤੇ ਪ੍ਰਚਾਰ ਮਿਲੇਗਾ।

* ਹਾਲਾਂਕਿ, ਉਸਨੇ ਇਨਕਾਰ ਕਰ ਦਿੱਤਾ ਕਿਉਂਕਿ ਉਹ ਮੰਨਦਾ ਸੀ ਕਿ "ਸਿਰਫ਼ ਗੱਲਾਂ ਨਾਲੋਂ ਕਾਰਵਾਈ ਜ਼ਿਆਦਾ ਮਹੱਤਵਪੂਰਨ ਹੈ।" ਉਸਨੇ ਜ਼ੋਰ ਦੇ ਕੇ ਕਿਹਾ ਕਿ ਉਹ ਖੁਦ ਛੂਤਛਾਤ ਨੂੰ ਖਤਮ ਕਰਨ ਦਾ ਅਸਲ ਕੰਮ ਕਰ ਰਿਹਾ ਸੀ।

### 4. ਸਿੱਟਾ: ਛੂਤਛਾਤ ਦਾ ਖਾਤਮਾ ਅਤੇ ਸਵਰਾਜ ਦੀ ਪ੍ਰਾਪਤੀ

ਡਾ. ਅੰਬੇਡਕਰ ਨੇ ਆਪਣੇ ਭਾਸ਼ਣ ਦਾ ਅੰਤ ਇਸ ਦ੍ਰਿੜ ਵਿਸ਼ਵਾਸ ਨਾਲ ਕੀਤਾ ਕਿ ਸਮਾਜਿਕ ਸੁਧਾਰ ਰਾਜਨੀਤਿਕ ਆਜ਼ਾਦੀ ਲਈ ਇੱਕ ਪੂਰਵ ਸ਼ਰਤ ਹੈ।

* ਬ੍ਰਿਟਿਸ਼ ਦ੍ਰਿਸ਼ਟੀਕੋਣ: ਉਸਨੇ ਕਿਹਾ ਕਿ ਉਸਨੂੰ ਅਹਿਸਾਸ ਹੋਇਆ ਕਿ ਬ੍ਰਿਟਿਸ਼ ਭਾਰਤੀ ਨੇਤਾਵਾਂ ਬਾਰੇ ਕੀ ਸੋਚਦੇ ਸਨ, ਜੋ ਸਵਰਾਜ ਦੀ ਮੰਗ ਕਰਦੇ ਹੋਏ ਵੀ ਛੂਤਛਾਤ ਦਾ ਅਭਿਆਸ ਕਰਦੇ ਸਨ।

* ਅੰਤਿਮ ਫੈਸਲਾ: ਉਸਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਭਾਰਤ ਉਦੋਂ ਹੀ ਆਜ਼ਾਦੀ ਪ੍ਰਾਪਤ ਕਰੇਗਾ ਜਦੋਂ ਛੂਤਛਾਤ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਜਾਵੇਗਾ। ਉਸਦੇ ਸ਼ਬਦ ਸਨ:

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਦਸੰਬਰ
INTERNATIONAL PAPER, 94636 01616
hardipchumber57@gmail.com

# ਸਵ. ਬਾਬਾ ਮਹਿੰਦਰ ਰਾਮ ਚੁੰਬਰ ਮੀਰਪੁਰੀ ਜੀ ਦੇ ਜਨਮ ਦਿਵਸ ਤੇ ਵਿਸ਼ੇਸ਼


ਮਨਪ੍ਰੀਤ ਸੂਦ ਆਲੇਵਾਲ।।
ਸੂਦ ਕਲੀਨਿਕ ਚੱਕ ਗੁਰੂ
98767-94707

## ਸ੍ਰੀ ਮਹਿਦਰ ਰਾਮ ਚੁੰਬਰ ਦਾ ਜਨਮ 3.12.1942

ਹਜਾਰੋ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦਿਲਾਵਰ ਪੈਦਾ"

ਸ੍ਰੀ ਖੁਰਾਲਗੜ੍ਹ ਸਾਹਿਬ ਅਤੇ ਸ੍ਰੀ ਚਰਨ ਛੋਹ ਗੰਗਾ (ਅਮ੍ਰਿਤ ਕੁੰਡ) ਦੇ ਨਾਮ ਨੂੰ ਚਮਕਾਉਣ ਵਾਲੇ ਸਤਿਕਾਰਯੋਗ ਸਵ. ਬਾਬਾ ਮਹਿੰਦਰ ਰਾਮ ਚੁੰਬਰ ਜੀ ਮੀਰਪੁਰੀ I

ਆਦਿ ਧਰਮੀ ਕੌਮ ਦੇ ਕੁੱਖ ਵਿੱਚ ਹਜ਼ਾਰਾਂ ਹੀ ਅਜਿਹੇ ਪੁਰਸ਼ਾਂ ਨੇ ਜਨਮ ਲਿਆ, ਜੋ ਕਿ ਹੀਰਿਆ ਦੀ ਤਰ੍ਹਾਂ ਇਸ ਸੰਸਾਰ ਤੋਂ ਜਾਣ ਤੋਂ ਬਾਅਦ ਸਦਾ ਵਾਸਤੇ ਚਮਕ ਬਿਖੇਰਨ ਲਈ ਆਏ ਸਨ। ਪਰ ਗਰੀਬੀ ਤੇ ਬਦਕਿਸਮਤੀ ਕਦੇ ਕਿਸੇ ਨੂੰ ਸਿਰ ਦਾ ਤਾਜ ਬਣਨ ਦਾ ਮੌਕਾ ਨਹੀਂ ਦਿਆਂ ਕਰਦੇ। ਅਕਾਸ਼ ਦੇ ਵਿੱਚ ਚਮਕਦੇ ਸਿਤਾਰਿਆਂ ਵਾਂਗ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਵੀ ਇਸ ਸੰਸਾਰ ਵਿੱਚ ਖੂਬ ਚਮਕਿਆ ਜਦੋਂ ਉਨ੍ਹਾਂ ਦੇ ਮੰਨਣ ਤੇ ਪੂਜਣ ਵਾਲੇ ਲੋਕ ਸੰਸਾਰ ਵਿੱਚ ਆਏ। ਸਤਿਗੁਰੂ ਰਵਿਦਾਸ ਜੀ ਦੇ ਦਰਸਾਏ ਗਏ ਮਾਰਗ ਉੱਤੇ ਚੱਲਣ ਵਾਲਿਆਂ ਵਿੱਚ ਸ੍ਰੀ ਮਹਿਦਰ ਰਾਮ ਚੁੰਬਰ ਦਾ ਜਨਮ 3.12.1942 ਨੂੰ ਮੀਰਪੁਰ ਜੱਟਾਂ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਮਾਤਾ ਸ੍ਰੀਮਤੀ ਰੁਲੀ ਚੁੰਬਰ ਦੀ ਕੁੱਖੋਂ ਹੋਇਆ। ਸ਼੍ਰੀ ਮਹਿੰਦਰ ਰਾਮ ਚੁੰਬਰ ਜੀ ਦੇ ਪਿਤਾ ਸ੍ਰੀ ਬੰਤਾ ਰਾਮ ਚੁੰਬਰ ਤੇ ਮਾਤਾ ਸ੍ਰੀਮਤੀ ਰਲ਼ੀ ਚੁੰਬਰ ਨੇ ਆਪਣੇ ਪੁੱਤਰ ਨੂੰ ਬਚਪਨ ਤੋਂ ਅਜਿਹੀ ਸਿੱਖਿਆ ਦੇਣ ਦਾ ਮਨ ਬਣਾ ਰੱਖਿਆ ਜੋ ਉਨ੍ਹਾਂ ਦੇ ਇਸ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਵੀ ਜਿਊਂਦੀ ਰਹੇ। ਮਾਤਾ ਪਿਤਾ ਨੇ ਆਪਸੀ ਸਹਿਯੋਗ ਨਾਲ ਸ੍ਰੀ ਮਹਿੰਦਰ ਰਾਮ ਚੁੰਬਰ ਜੀ ਨੂੰ ਗਰੈਜੂਏਸ਼ਨ ਤੱਕ ਦੀ ਵਿਦਿਆ ਤੱਕ ਕਾਮਯਾਬੀ ਦੀਆਂ ਪੌੜੀਆਂ ਤੇ ਚੜ੍ਹਾਇਆ। ਆਪ ਜੀ ਨੇ ਆਪਣੇ ਪੁੱਤਰ ਦੇ ਮਨ ਅੰਦਰ ਬਚਪਨ ਤੋਂ ਅਜਿਹੇ ਸੰਸਕਾਰ ਪਾਉਣੇ ਸ਼ੁਰੂ ਕਰ ਦਿੱਤੇ ਕਿ ਉਨ੍ਹਾਂ ਦਾ ਪੁੱਤਰ ਆਪਣੀ ਕੌਮ ਲਈ ਕੁਝ ਨਾ ਕੁਝ ਯਾਦ ਰੱਖਣ ਯੋਗ ਜਰੂਰ ਕਰ ਜਾਏ।ਸ੍ਰੀ ਬੰਤਾ ਰਾਮ ਚੁੰਬਰ ਤੇ ਸ੍ਰੀਮਤੀ ਰਲ਼ੀ ਚੁੰਬਰ ਨੇ ਪੁੱਤਰ ਨੂੰ ਧਾਰਮਿਕ ਵਿਚਾਰਾਂ ਨਾਲ ਪੱਕਿਆ ਕਰਨ ਲਈ ਤੇ ਕੌਮ ਦੇ ਲਈ ਸਮਾਂ ਆਉਣ ਉੱਤੇ ਕੁਝ ਕਰਕੇ ਵਿਖਾਉਣ ਲਈ ਆਪ ਪਹਿਲ ਕਰਦਿਆਂ ਦਲਿਤ ਸਮਾਜ ਦੇ ਪਵਿੱਤਰ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਗੁਰੂ ਘਰ ਵਿੱਚ ਬੈਠਣ ਲਈ ਜਗ੍ਹਾ ਦੀ ਘਾਟ ਨੂੰ ਮਹਿਸੂਸ ਕਰਦਿਆਂ ਸੰਨ 1984 ਵਿੱਚ 3 ਕਨਾਲ 14 ਮਰਲੇ ਜਮੀਨ ਖਰੀਦ ਕੇ ਦਾਨ ਵਜੋਂ ਦਿੱਤੀ ਤਾਂ ਕਿ ਗੁਰੂ ਘਰ ਆਉਂਦੀਆਂ ਸੰਗਤਾਂ ਦੇ ਬੈਠਣ ਵਾਸਤੇ ਜਗ੍ਹਾ ਦੀ ਕੋਈ ਕਮੀ ਨਾ ਰਹੇ। ਸ੍ਰੀ ਮਹਿੰਦਰ ਰਾਮ ਚੁੰਬਰ ਜੀ ਦੇ ਗਰੇਜੂਏਸ਼ਨ ਕਰਨ ਤੋਂ ਬਾਅਦ ਉਨ੍ਹਾਂ ਸਿਹਤ ਵਿਭਾਗ ਵਿੱਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਪਰ 5 ਸਾਲ ਦੀ ਸੇਵਾ ਵਿੱਚ ਆਪ ਜੀ ਦਾ ਮਨ ਇਸ ਮਹਿਕਮੇ ਤੋਂ ਸਦਾ ਵਾਸਤੇ ਕੌੜਾ ਹੋ ਗਿਆ ਤੇ ਅਸਤੀਫ਼ਾ ਦੇ ਦਿੱਤਾ।ਇਸ ਤੋਂ ਉਪਰੰਤ ਉਨ੍ਹਾਂ ਜਲਦੀ ਹੀ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਨੌਕਰੀ ਕਰ ਲਈ ਤੇ ਅਖੀਰ ਰਿਟਾਇਰਮੈਂਟ ਇਸ ਵਿਭਾਗ ਵਿੱਚ ਸੇਵਾ ਕਰਦੇ ਰਹੇ। ਆਪ ਜੀ ਦੀ ਇਮਾਨਦਾਰੀ ਦੀ ਮਿਸਾਲ ਪੂਰੇ ਮਹਿਕਮੇ ਵਿੱਚ ਅੱਜ ਤੱਕ ਵੇਖਣ ਨੂੰ ਨਹੀਂ ਮਿਲੀ, ਕਿਉਂਕਿ ਬਿਜਲੀ ਵਿਭਾਗ ਵਿਖੇ ਵੱਡੇ-ਵੱਡੇ ਘਪਲੇ ਹੋਏ ਸਨ, ਜਿਸ ਦਾ ਸ੍ਰੀ ਮਹਿੰਦਰ ਰਾਮ ਚੁੰਬਰ ਨੇ ਪਾਜ ਉਘੇੜਦਿਆਂ ਦੋਸ਼ੀਆਂ ਨੂੰ ਲੋਕਾਂ ਸਾਹਮਣੇ ਲਿਆ ਕੇ ਖੜ੍ਹਾ ਕਰ ਦਿੱਤਾ। ਸ੍ਰੀ ਮਹਿੰਦਰ ਰਾਮ ਚੁੰਬਰ ਦੀਆਂ ਇਮਾਨਦਾਰੀ ਦੀਆਂ ਸਿਫ਼ਤਾਂ ਪੂਰੇ ਮਹਿਕਮੇ ਵਿੱਚ ਅੱਜ ਵੀ ਕੰਨੀ ਸੁਣਨ ਨੂੰ ਮਿਲ ਜਾਂਦੀਆਂ ਹਨ। ਬਿਜਲੀ ਵਿਭਾਗ ਵਿੱਚੋਂ 31.02.2000 ਨੂੰ ਆਪ ਅੱਪਰ ਡਵੀਜ਼ਨ ਕਲਰਕ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਇੱਕ ਵਾਰ ਨੌਕਰੀ ਕਰਦਿਆਂ ਨੂੰ ਆਪ ਜੀ ਦੀ ਮਾਤਾ ਨੇ ਸ਼ਾਦੀ ਕਰਨ ਬਾਰੇ ਕਿਹਾ ਤਾਂ ਅੱਗਿਓਂ ਸ੍ਰੀ ਮਹਿੰਦਰ ਰਾਮ ਚੁੰਬਰ ਦਾ ਜਵਾਬ ਸੁਣਕੇ ਮਾਤਾ ਰਲ਼ੀ ਚੁੰਬਰ ਨੇ ਕਦੇ ਵੀ ਵਿਆਹ ਕਰਵਾਉਣ ਦੀ ਗੱਲ ਨਹੀਂ ਕੀਤੀ। ਸ਼ਾਦੀ ਕਰਨ ਬਾਰੇ ਪੁੱਛਣ ਉੱਤੇ ਮਾਤਾ ਜੀ ਨੂੰ ਜਵਾਬ ਦਿੰਦਿਆਂ ਸ੍ਰੀ ਮਹਿੰਦਰ ਰਾਮ ਚੁੰਬਰ ਜੀ ਨੇ ਆਖਿਆ ਸੀ ਕਿ ਮਾਤਾ ਜੀ ਮੇਰੀ ਕੌਮ ਤੇ ਬੜੀਆਂ ਮੁਸੀਬਤਾਂ ਤੇ ਭੀੜਾ ਆ ਰਹੀਆਂ ਹਨ, ਜਿਸ ਦਿਨ ਮੈਂ ਆਪਣੀ ਕੌਮ ਤੋਂ ਕਾਲੇ ਬੱਦਲ ਦੂਰ ਕਰਨ ਵਿੱਚ ਕਾਮਯਾਬ ਹੋ ਗਿਆ, ਉਸੇ ਦਿਨ ਸ਼ਾਦੀ ਕਰਨ ਵਾਸਤੇ ਮੈਂ ਤੈਨੂੰ ਆਪ ਆਖ ਦਿਆਂਗਾ। ਬਚਪਨ ਤੋਂ ਹੀ ਮਾਤਾ- ਪਿਤਾ ਵਲੋਂ ਧਾਰਮਿਕ ਖਿਆਲਾਂ ਦੇ ਰਹਿਣ ਕਰਕੇ ਆਪ ਜੀ ਦੀ ਲਗਨ ਵੀ ਆਪਣੀ ਕੌਮ ਦੇ ਸਤਿਗੁਰੂ ਦੇ ਪਵਿੱਤਰ ਅਸਥਾਨ ਦੀ ਤਰੱਕੀ ਲਈ ਸਦਾ ਲੱਗੀ ਰਹਿੰਦੀ। ਇਸੇ ਲਗਨ ਤਹਿਤ ਆਪ ਜੀ ਨੇ 26.04.1995 ਨੂੰ 39 ਕਨਾਲ ਜਮੀਨ ਸ੍ਰੀ ਖੁਰਾਲਗੜ੍ਹ ਸਾਹਿਬ ਖੁਰਾਲੀ ਨੂੰ ਦਾਨ ਵਜੋਂ ਦਿੱਤੀ। ਇਸੇ ਤਰ੍ਹਾਂ ਹੀ ਆਪ ਜੀ ਨੇ ਗੁਰੂ ਘਰ ਤੋਂ 3 ਕਿਲੋਮੀਟਰ ਦੀ ਦੂਰੀ ਤੇ ਸਥਿਤ ਚਰਨ ਛੋਹ ਗੰਗਾ ਅੰਮ੍ਰਿਤ ਕੁੰਡ ਵਿਖੇ 10.01.2005 ਨੂੰ 306 ਕਨਾਲ 8 ਮਰਲੇ ਜਮੀਨ ਦਾ ਇੰਤਕਾਲ ਕਰਵਾਇਆ। ਜਦੋਂ ਇਸ ਜਗਾ ਦੀ ਦਾਨ ਡੀਡ ਕਰਵਾਈ ਤਾਂ ਇਸ ਵਿੱਚ ਕੁਝ ਸ਼ਰਤਾਂ ਰੱਖੀਆਂ ਜੋ ਕੌਮ ਦੇ ਹਿੱਤ ਵਿੱਚ ਸਨ। ਜਿਹਨਾ ਅਨੁਸਾਰ ਇਸ ਜਗਾ ਤੇ ਕੋਈ ਸਾਧੂ ਸੰਤ ਕਾਬਜ਼ ਨਹੀਂ ਹੋਵੇਗਾ। ਨਾ ਹੀ ਇਹ ਕਿਸੇ ਦੀ ਨਿਜੀ ਜਾਇਦਾਦ ਹੋਵੇਗੀ, ਇਹ ਜਗਾ ਜੁਗੋਂ ਜਗ ਤੱਕ ਕੌਮ ਨੂੰ ਸਮਰਪਿਤ ਹੋਵੇਗੀ ਅਤੇ ਖੂੰਡੀ ਦੌਰੀ ਦਾ ਨਿਸ਼ਾਨ ਸਦਾ ਰਹੇਗਾ। ਇਸ ਤਰ੍ਹਾਂ ਹੀ ਆਪ ਜੀ ਨੇ ਪਿੰਡ ਕਨੌਣ ਵਿਖੇ ਵੀ ਜੋ ਕਿ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨਜ਼ਦੀਕ ਰਾਹੋਂ ਹੈ, ਵਿਖੇ ਵੀ 16 ਮਰਲੇ ਜਮੀਨ ਦਾਨ ਵਜੋਂ ਆਲ ਇੰਡੀਆ ਆਦਿ ਧਰਮ ਮਿਸ਼ਨ 4698 ਨੂੰ ਦਿੱਤੀ ਅਤੇ ਪਿੰਡ ਕਨੌਣ ਵਿੱਚ ਬਚਦੇ 6 ਮਰਲੇ ਚਰਨ ਛੋਹ ਗੰਗਾ (ਅੰਮ੍ਰਿਤ ਕੁੰਡ) ਖੁਰਾਲਗੜ੍ਹ ਸਾਹਿਬ ਖੁਰਾਲੀ ਨੂੰ ਦਾਨ ਵਜੋਂ ਦੇ ਦਿੱਤੇ। ਇਸ ਤਰ੍ਹਾਂ ਹੀ ਆਪ ਜੀ ਨੇ ਆਪਣੇ ਜੱਦੀ ਪਿੰਡ ਮੀਰਪੁਰ ਜੱਟਾਂ ਵਿੱਚ ਵੀ ਸ੍ਰੀ ਗੁਰੂ ਰਵਿਦਾਸ ਜੀ ਧਰਮ ਅਸਥਾਨ ਨੂੰ 26 ਮਰਲੇ ਦਾਨ ਵਜੋਂ ਦਿੱਤੇ ਅਤੇ ਜੱਦੀ ਪਿੰਡ ਵਿੱਚ ਵੀ ਬਚਦੇ 5 ਮਰਲੇ ਆਪਣੇ ਜਾਨੋਂ ਪਿਆਰੇ ਮਾਤਾ -ਪਿਤਾ ਦੀ ਯਾਦ ਨੂੰ ਸਮਰਪਿਤ ਹੁੰਦਿਆਂ ਸਵ: ਸ੍ਰੀ ਬੰਤਾ ਰਾਮ ਚੁੰਬਰ ਤੇ ਸ੍ਰੀਮਤੀ ਰਲ਼ੀ ਚੁੰਬਰ ਤੇ ਸਵ: ਸ੍ਰੀ ਪੂਰਨ ਚੰਦ ਚੁੰਬਰ ਤੇ ਸ੍ਰੀਮਤੀ ਅਤੀ ਚੁੰਬਰ ਆਦਿ ਵਾਸੀ ਮੈਮੋਰੀਅਲ ਧਰਮ ਅਸਥਾਨ ਮੀਰਪੁਰ ਜੱਟਾਂ ਨੂੰ ਦਾਨ ਵਜੋਂ ਦਿੱਤੇ। ਬਿਜਲੀ ਵਿਭਾਗ ਵਿੱਚ ਨੌਕਰੀ ਕਰਦਿਆਂ ਆਪ ਨੇ ਅਨੇਕਾਂ ਘਰਾਂ ਵਿੱਚ ਰੋਸ਼ਨੀ ਕੀਤੀ ਪਰ ਜੱਦੀ ਘਰ ਵਿੱਚ ਮਿੱਟੀ ਦੇ ਤੇਲ ਵਾਲੇ ਦੀਵੇ ਨਾਲ ਜਿੰਦਗੀ ਦੇ ਹੁਸੀਨ ਪਲ ਗੁਜ਼ਾਰੇ। ਕਦੇ ਵੀ ਬਿਜਲੀ ਦਾ ਕੁਨੈਕਸ਼ਨ ਲੈਣ ਬਾਰੇ ਸੋਚਿਆ ਤੱਕ ਨਹੀਂ, ਸ੍ਰੀ ਮਹਿੰਦਰ ਰਾਮ ਚੁੰਬਰ ਦੀ ਕੋਈ ਔਲਾਦ ਨਹੀਂ ਸੀ ਕਿਉਂਕਿ ਉਨ੍ਹਾਂ ਨੇ ਵਿਆਹ ਨਹੀਂ ਕਰਵਾਇਆ ਸੀ। ਪਰ ਆਪ ਜੀ ਨੇ ਐਡਵੋਕੇਟ ਸ੍ਰੀ ਵਿਜੇ ਕੁਮਾਰ ਚੁੰਬਰ ਜੀ ਨੂੰ ਪਿਓ- ਪੁੱਤਰ ਵਾਂਗ ਨਿਖਾਰਿਆ ਤੇ ਸਦਾ ਇਹੀ ਆਦੇਸ਼ ਦਿੱਤਾ ਕਿ ਪੁੱਤਰ ਆਪਣੇ ਆਚਰਣ ਨੂੰ ਸੱਚਾ ਤੇ ਸੁੱਚਾ ਰੱਖਣਾ, ਪੜ੍ਹਾਈ ਵਿੱਚ ਕਿਸੇ ਤੋਂ ਪਿੱਛੇ ਨਹੀਂ ਰਹਿਣਾ ਤੇ ਵੱਧ ਤੋਂ ਵੱਧ ਪੜ੍ਹਾਈ ਕਰਕੇ ਉੱਚੀ ਵਿਦਿਆ ਹਾਸਿਲ ਕਰਨੀ ਤੇ ਆਪਣੇ ਗਰੀਬ ਸਮਾਜ ਦੀ ਖੂਬ ਸੇਵਾ ਕਰਨੀ। ਜਿਸ ਵਿਜੇ ਕੁਮਾਰ ਨੂੰ ਆਪ ਸਦਾ ਪਿਆਰਿਆਂ- ਦੁਲਾਰਿਆਂ ਅੱਜ ਉਹੀ ਵਿਜੇ ਕੁਮਾਰ ਸ਼ਹੀਦ ਭਗਤ ਸਿੰਘ ਨਗਰ ਦੀਆਂ ਜਿਲ੍ਹਾ ਕਚਹਿਰੀਆਂ ਵਿੱਚ ਵਕੀਲ ਦੇ ਤੌਰ ਤੇ ਸੇਵਾਵਾਂ ਦੇ ਰਹੇ ਹਨ। ਸ੍ਰੀ ਮਹਿੰਦਰ ਰਾਮ ਚੁੰਬਰ ਇੱਕ ਮਹਾਨ ਦਾਨੀ ਹੋਣ ਦੇ ਨਾਲ- ਨਾਲ ਇੱਕ ਬਹੁਤ ਵੱਡੇ ਸਮਾਜ ਸੇਵਕ ਵੀ ਸਨ ਤੇ ਪਿੰਡਾਂ ਵਿੱਚ ਉਨ੍ਹਾਂ ਨੂੰ ਹਰ ਕੋਈ ਕੰਮਾਂ ਕਰਕੇ ਅੱਜ ਇਸ ਸੰਸਾਰ ਤੋਂ ਚਲੇ ਜਾਣ ਪਿੱਛੋਂ ਵੀ ਯਾਦ ਕਰ ਰਿਹਾ ਹੈ। ਸ੍ਰੀ ਮਹਿੰਦਰ ਰਾਮ ਚੁੰਬਰ 07.09.2013 ਨੂੰ ਸਦਾ ਸਦਾ ਲਈ ਅਲਵਿਦਾ ਆਖ ਦਿੱਤਾ ਤੇ ਪਿੰਡ ਭਰੇ ਪੂਰੇ ਪਰਿਵਾਰ ਆਪਣੀਆਂ ਯਾਦਾਂ ਦੇ ਕੇ ਰੋਂਦਿਆਂ ਛੱਡ ਕੇ ਤੁਰ ਗਏ। ਆਪ ਜੀ ਦਾ ਸੰਸਕਾਰ ਆਪ ਜੀ ਦੀ ਖਰੀਦੀ ਜਗ੍ਹਾ ਵਿੱਚ ਆਦਿ ਧਰਮ ਦੇ ਰੀਤੀ ਰਿਵਾਜਾਂ ਅਨੁਸਾਰ ਕੀਤਾ ਗਿਆ।


ਸਵ. ਸ਼੍ਰੀ ਮਹਿੰਦਰ ਰਾਮ ਚੁੰਬਰ ਮੀਰਪੁਰੀ
03-12-1942 / 07-09-2013

ਸੱਚਮੁੱਚ ਹੀ ਆਪ ਜੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਸੱਚਾ ਸੇਵਕ ਹੋਣ ਦਾ ਮਾਣ ਪ੍ਰਾਪਤ ਕੀਤਾ ।।

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ "ਬਹੁਤ ਜਨਮ ਬਿਛੁਰੇ ਥੇ ਮਾਧੋ
ਇਹ ਜਨਮ ਤੁਮਾਰੇ ਲੇਖੇ
ਕਹਿ ਰਵਿਦਾਸ ਆਸ ਲਗ ਜੀਵੋ
ਚਿਰ ਭਇਓ ਦਰਸਨ ਦੇਖੇ"

ਇਹਨਾਂ ਤੁਕਾਂ ਨੂੰ ਆਪਣੀ ਜ਼ਿੰਦਗੀ ਦੇ ਵਿੱਚ ਹੰਢਾ ਕੇ ਆਪਣਾ ਜਨਮ ਲੇਖੇ ਚ ਲਾਇਆ।।।। ਨੋਟ - ਲੇਖ ਚ ਕਿਤੇ ਲਗਾ ਮਾਤਰਾ ਚ ਗਲਤੀ ਲਈ ਮੁਆਫੀ।।

ਸੰਪਾਦਕ ਇੰਜ: ਪਵਨ ਕੁਮਾਰ।

ਧੰਨਵਾਦ ਸਹਿਤ ।।

# ਮਰੀਜ਼ਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਚੁੱਕੇ ਜਾਣਗੇ ਜ਼ਰੂਰੀ ਕਦਮ - ਬ੍ਰਹਮ ਸ਼ੰਕਰ ਜਿੰਪਾ

## ਵਿਧਾਇਕ ਨੇ ਰੋਗੀ ਕਲਿਆਣ ਸਮਿਤੀ ਦੀ ਮੀਟਿੰਗ ਦੀ ਕੀਤੀ ਪ੍ਰਧਾਨਗੀ

"Equality and justice"
Patiala 03 December
INTERNATIONAL PAPER, 94636 01616
hardipchumber57@gmail.com



ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਰੋਗੀ ਕਲਿਆਣ ਸਮਿਤੀ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਮੀਟਿੰਗ ਦਾ ਉਦੇਸ਼ ਮਰੀਜ਼ਾਂ ਨੂੰ ਹੋਰ ਬਿਹਤਰ ਸਿਹਤ ਸਹੂਲਤਾਂ ਉਪਲਬੱਧ ਕਰਵਾਉਣ ਦੀ ਦਿਸ਼ਾ ਵਿਚ ਠੋਸ ਕਦਮ ਚੁੱਕਣਾ ਸੀ। ਮੀਟਿੰਗ ਵਿਚ ਸਹਾਇਕ ਕਮਿਸ਼ਨਰ ਪਰਮਪ੍ਰੀਤ ਸਿੰਘ, ਸਿਵਲ ਹਸਪਤਾਲ ਦੇ ਡਾਕਟਰ ਅਤੇ ਵੱਖ-ਵੱਖ ਉਦਯੋਗਾਂ ਦੇ ਨੁਮਾਇੰਦਿਆਂ ਨੇ ਭਾਗ ਲਿਆ।ਵਿਧਾਇਕ ਜਿੰਪਾ ਨੇ ਕਿਹਾ ਕਿ ਸਿਵਲ ਹਸਪਤਾਲ ਹੁਸ਼ਿਆਰਪੁਰ ਪਹਿਲਾਂ ਹੀ ਮਰੀਜ਼ਾਂ ਨੂੰ ਮਿਆਰੀ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ, ਪਰ ਸਮੇਂ-ਸਮੇਂ 'ਤੇ ਨਵੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਵੀ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿਚ ਹਸਪਤਾਲ ਦੀਆਂ ਮੰਗਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਅਤੇ ਇਹ ਫ਼ੈਸਲਾ ਲਿਆ ਗਿਆ ਕਿ ਸਮਾਜ ਸੇਵੀ ਸੰਸਥਾਵਾਂ ਅਤੇ 'ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ' (ਸੀ.ਐਸ.ਆਰ) ਰਾਹੀਂ ਇਨ੍ਹਾਂ ਮੰਗਾਂ ਨੂੰ ਪੂਰਾ ਕਰਨ ਦੇ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਸਰਕਾਰੀ ਹਸਪਤਾਲਾਂ ਵਿੱਚ ਹਰੇਕ ਮਰੀਜ਼ ਨੂੰ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨਾ ਹੈ। ਇਸ ਲਈ ਸਿਹਤ ਵਿਭਾਗ ਲਗਾਤਾਰ ਕੰਮ ਕਰ ਰਿਹਾ ਹੈ, ਜਦੋਂ ਕਿ ਸਮਾਜਿਕ ਸੰਗਠਨਾਂ ਅਤੇ ਸੀ.ਐਸ.ਆਰ ਦੀ ਮਦਦ ਨਾਲ ਹਸਪਤਾਲਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵੀ ਕਦਮ ਚੁੱਕੇ ਜਾ ਰਹੇ ਹਨ। ਵਿਧਾਇਕ ਨੇ ਜ਼ੋਰ ਦੇ ਕੇ ਕਿਹਾ ਕਿ ਮਰੀਜ਼ਾਂ ਦੀ ਸਹੂਲਤ ਅਤੇ ਸਿਹਤ ਸੇਵਾਵਾਂ ਦਾ ਵਿਸਥਾਰ ਕਰਨਾ ਸਮਾਜ ਦੀ ਸਮੂਹਿਕ ਜ਼ਿੰਮੇਵਾਰੀ ਹੈ। ਇਸ ਮੌਕੇ ਸਰਬੱਤ ਦਾ ਭਲਾ ਸੋਸਾਇਟੀ ਤੋਂ ਆਗਿਆਪਾਲ ਸਿੰਘ ਸਾਹਨੀ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਜਤਿੰਦਰ ਭਾਟੀਆ, ਐਸ.ਐਮ.ਓ ਡਾ. ਨੇਹਾ ਪਾਲ, ਐਸ.ਐਮ.ਓ ਡਾ. ਨਵਜੋਤ ਸਿੰਘ, ਡਾ. ਲਕਸ਼ਮੀਕਾਂਤ, ਡੀ.ਪੀ.ਓ ਗਗਨਦੀਪ ਸਿੰਘ, ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਕਰੁਣਾ ਸ਼ਰਮਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਅਤੇ ਉਦਯੋਗਾਂ ਦੇ ਨੁਮਾਇੰਦੇ ਮੌਜੂਦ ਸਨ।

# ਸਿਵਲ ਹਸਪਤਾਲ ਗੜ੍ਹਸ਼ੰਕਰ 'ਚੋਂ ਡਾਇਲਿਸਿਸ ਮਸ਼ੀਨ ਦਾ ਸਟਾਫ ਦੇਣ ਦੀ ਬਜਾਏ ਉਸ ਨੂੰ ਚੁੱਕਣਾ ਬੇਹੱਦ ਨਿੰਦਣਯੋਗ - ਪ੍ਰਧਾਨ ਸਤੀਸ਼ ਕੁਮਾਰ ਸੋਨੀ

"Equality and justice"
Patiala 03 December
INTERNATIONAL PAPER, 94636 01616
hardipchumber57@gmail.com

ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ) ਸਰਕਾਰੀ ਹਸਪਤਾਲ ਵਿੱਚੋ ਐਮ ਪੀ ਫੰਡ ਵਿੱਚੋ ਮੁਹੱਈਆ ਕੀਤੀ ਗਈ ਡਾਇਲਿਸਿਸ ਮਸ਼ੀਨ ਨੂੰ ਚੁਕਾ ਕੇ ਕਿਸੇ ਹੋਰ ਹਸਪਤਾਲ ਚ ਸ਼ਿਫਟ ਕਰਨਾ ਬਹੁਤ ਹੀ ਨਿੰਦਣਯੋਗ ਹੈ। ਇਹ ਵਿਚਾਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਪ੍ਰੈਸ ਵਾਰਤਾ ਦੌਰਾਨ ਕਹੇ। ਉਹਨਾਂ ਕਿਹਾ ਕਿ ਸੂਬਾ ਸਰਕਾਰ ਸਿਹਤ ਸਹੂਲਤਾਂ ਦੇਣ ਵਿੱਚ ਫੇਲ ਸਾਬਿਤ ਹੋ ਰਹੀ । ਸਿਵਿਲ ਹਸਪਤਾਲ ਵਿੱਚ ਡਾਕਟਰਾਂ ਦੀ ਕਮੀਂ ਕਾਰਨ ਮਰੀਜਾ ਨੂੰ ਮੁਸ਼ਕਿਲਾਂ ਦਾ ਸਾਹਮਣਾ ਪੈ ਰਿਹਾ ਰਿਹਾ ਹੈ । ਇਥੇ ਚਮੜੀ ਦੇ , ਬੱਚਿਆਂ ਦੇ ,ਹੱਡੀਆਂ ਦੇ ਅਤੇ ਔਰਤਾਂ ਦੇ ਮਾਹਿਰ ਡਾਕਟਰਾਂ ਦੀਆਂ ਪੋਸਟਾਂ ਖਾਲੀ ਹੋਣ ਕਾਰਨ ਸਿਵਿਲ ਹਸਪਤਾਲ ਗਰੀਬ ਮਰੀਜਾ ਲਈ ਸਫੇਦ ਹਾਥੀ ਸਾਬਿਤ ਹੋ ਰਿਹਾ ਹੈ । ਉਹਨਾਂ ਦੱਸਿਆ ਕਿ ਸਾਲ 2021 'ਚ ਸ਼੍ਰੀ ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਨੀਸ਼ ਤਿਵਾੜੀ ਜੀ ਵਲੋ ਇੱਕ ਡਾਇਲਿਸਿਸ ਮਸ਼ੀਨ ਆਪਣੇ ਐਮ ਪੀ ਫੰਡ ਵਿਚੋਂ ਮੁਹਈਆ ਕਰਾਈ ਗਈ ਸੀ। ਜੋ ਕਿ ਪਿਛਲੇ ਦਿਨੀ ਸੂਬਾ ਸਰਕਾਰ ਵਲੋਂ ਨਿੰਦਣਯੋਗ ਕਾਰਵਾਈ ਕਰਕੇ ਕਿਸੇ ਹਸਪਤਾਲ 'ਚ ਸ਼ਿਫਟ ਕਰ ਦਿੱਤੀ ਗਈ। ਜਦੋਂ ਕਿ ਜਰੂਰਤ ਸੀ ਕਿ ਉਸ ਨੂੰ ਚਲਾਉਣ ਲਈ ਸਟਾਫ ਮੁਹੱਈਆ ਕਰਵਾਇਆ ਜਾਂਦਾ ਅਤੇ ਖ਼ਾਲੀ ਪੋਸਟਾਂ ਤੇ ਡਾਕਟਰਾਂ ਦੀ ਨਿਯੁਕਤੀ ਕੀਤੀ ਜਾਂਦੀ, ਪਰ ਇਥੇ ਉਲਟ ਹੋ ਰਿਹਾ ਹੈ । ਜੇਕਰ ਕੋਈ ਕਾਬਿਲ ਡਾਕਟਰ ਆਉਂਦਾ ਵੀ ਹੈ, ਉਸਨੂੰ ਰਾਜਨੀਤਿਕ ਆਗੂ ਆਪਣੀ ਆਪਸੀ ਰੰਜਿਸ਼ ਕਾਰਨ ਕਿਸੇ ਦੂਰ ਦੁਰਾਡੇ ਹਸਪਤਾਲ ਚ ਬਦਲ ਦਿੱਤਾ ਜਾਂਦਾ ਹੈ। ਜਿਸਦਾ ਖਮਿਆਜਾ ਹਸਪਤਾਲ 'ਚ ਆਉਣ ਵਾਲੇ ਬਿਮਾਰੀ ਨਾਲ ਪੀੜ੍ਹਤ ਮਰੀਜਾ ਨੂੰ ਭੁਗਤਣਾ ਪੈਂਦਾ ਹੈ ਅਤੇ ਮਹਿੰਗੇ ਪ੍ਰਾਈਵੇਟ ਹਸਪਤਾਲਾਂ ਦੀ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਥੋਂ ਲਗਭਗ 70 ਪਰਸੈਂਟ ਮਰੀਜਾਂ ਨੂੰ ਦੂਰ ਦੁਰਾਡੇ ਹਸਪਤਾਲਾਂ 'ਚ ਰੈਫਰ ਕਰ ਦਿੱਤਾ ਜਾਂਦਾ ਹੈ ।ਜਿਸ ਨਾਲ ਜਿਆਦਾਤਰ ਮਰੀਜ ਰਸਤੇ 'ਚ ਹੀ ਦਮ ਤੋੜ ਦਿੰਦੇ ਹਨ । ਉਹਨਾਂ ਕਿਹਾ ਕਿ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਇਸ ਪ੍ਰੈਸ ਨੋਟ ਦੇ ਮਾਧਿਅਮ ਰਾਹੀਂ ਸੂਬਾ ਸਰਕਾਰ ਕੋਲੋਂ ਮੰਗ ਕਰਦੀ ਹੈ, ਕਿ ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਦੀਆਂ ਖਾਲੀ ਪੋਸਟਾਂ ਨੂੰ ਜਲਦੀ ਤੋਂ ਜਲਦੀ ਭਰਿਆ ਜਾਵੇ ਅਤੇ ਜਾਂਚ ਕਰਕੇ ਇੱਥੋਂ ਸ਼ਿਫਟ ਕੀਤੀ ਗਈ ਡਾਇਲਿਸਿਸ ਮਸ਼ੀਨ ਨੂੰ ਵਾਪਿਸ ਲਿਆ ਕੇ ਇਸ ਨੂੰ ਚਲਾਉਣ ਵਾਲਾ ਸਟਾਫ ਨਿਯੁਕਤ ਕਰਕੇ ਜ਼ਰੂਰਤਮੰਦ ਮਰੀਜਾਂ ਦੀ ਸੇਵਾ ਲਈ ਮੁਹੱਈਆ ਕਰਾਇਆ ਜਾਵੇ। ਸਿਵਿਲ ਹਸਪਤਾਲ ਵਿਚੋਂ ਪਿਆ ਸਮਾਨ ਹੋਰ ਹਸਪਤਾਲਾਂ ਵਿੱਚ ਸ਼ਿਫਟ ਕਰਨ ਦਾ ਰਿਵਾਜ ਖਤਮ ਕੀਤਾ ਜਾਣਾ ਚਾਹੀਦਾ ਹੈ ਅਤੇ ਹਰ ਇਕ ਪੀੜ੍ਹਤ ਨੂੰ ਇੱਥੇ ਹੀ ਸੰਪੂਰਨ ਇਲਾਜ ਮੁਹੱਈਆ ਕਰਾਇਆ ਜਾਣਾ ਚਾਹੀਦਾ ਹੈ।



# ਪਿੰਡ ਰਾਮਪੁਰ ਅਟਾਰੀ ਵਿਖੇ 10 ਵੀਂ ਬਰਸੀ ਨੂੰ ਸਮਰਪਿਤ ਮਹਾਨ ਕੀਰਤਨ ਗੁਰਮਤਿ ਸਮਾਗਮ 5 ਨੂੰ

“Equality and justice”
Patiala 03 December
INTERNATIONAL PAPER, 94636 01616
hardipchumber57@gmail.com

ਬੰਗਾ (ਚਰਨਜੀਤ ਸੱਲ੍ਹਾਂ) ਪਿੰਡ ਰਾਮਪੁਰ ਅਟਾਰੀ ਵਿਖੇ ਗੁਰਦੁਆਰਾ ਨਵੀਂ ਨਿਰਮਲ ਕੁਟੀਆ ਅਟਾਰੀ, ਰਾਮਪੁਰ, ਗੋਬਿੰਦਪੁਰ ਵਿਖੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ ਐਨ ਆਰ ਆਈ ਵੀਰਾਂ ਅਤੇ ਇਲਾਕੇ ਦੇ ਸਹਿਯੋਗ ਨਾਲ ਸ੍ਰੀ ਮਾਨ 108 ਸੰਤ ਬਾਬਾ ਹਰੀ ਸਿੰਘ ਨੈਕੀ ਵਾਲਿਆਂ ਤੋਂ ਵਰਸੋਰੇ ਹੋਏ ਸ੍ਰੀ ਮਾਨ 108 ਸੰਤ ਬਾਬਾ ਸੁੱਚਾ ਸਿੰਘ ਜੀ ਨੈਕੀ ਵਾਲਿਆਂ ਦੀ 10 ਵੀਂ ਮਿੱਠੀ ਪਿਆਰੀ ਯਾਦ ਵਿਚ ਬਰਸੀ ਸਮਾਗਮ ਮੌਕੇ ਤੇ 5 ਦਸੰਬਰ ਨੂੰ ਦਿਨ ਸ਼ੁੱਕਰਵਾਰ ਨੂੰ ਮਹਾਨ ਕੀਰਤਨ ਸਮਾਗਮ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਜੋਗਿੰਦਰ ਸਿੰਘ ਨੈਕੀ ਵਾਲੇ ਦੀ ਅਗਵਾਈ ਹੇਠ ਕਰਵਾਏ ਜਾ ਰਹੇ ਹਨ। ਇਸ ਮੌਕੇ ਸੇਵਾਦਾਰ ਭਾਈ ਹਰਜਿੰਦਰ ਸਿੰਘ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 3 ਦਸੰਬਰ ਦਿਨ ਬੁੱਧਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ। ਜਿਨ੍ਹਾਂ ਦੇ ਭੋਗ 5 ਦਸੰਬਰ ਦਿਨ ਸ਼ੁੱਕਰਵਾਰ ਨੂੰ ਪਾਏ ਜਾਣਗੇ।। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਬਰਸੀ ਸਮਾਗਮ ਦੌਰਾਨ ਸੰਤ ਬਾਬਾ ਪ੍ਰੀਤਮ ਸਿੰਘ ਜੀ ਡੁਮੇਲੀ ਵਾਲੇ, ਢਾਡੀ ਜੱਥਾ ਭਾਈ ਗਰਜਾ ਸਿੰਘ ਚੰਡੀਗੜ੍ਹ ਵਾਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਸਰਕਲ ਪੰਜੋੜਾ ਦੇ ਵਿਦਿਆਰਥੀ ਅਤੇ ਰਹੀ ਦਰਬਾਰ ਸੰਗੀਤ ਵਿਦਿਆਲਾ ਦੇ ਵਿਦਿਆਰਥੀ ਆਦਿ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸਲਾਨਾ ਬਰਸੀ ਸਮਾਗਮ ਦੌਰਾਨ ਸੰਤ ਬਾਬਾ ਜੋਗਿੰਦਰ ਸਿੰਘ ਨੈਕੀ ਵਾਲਿਆਂ,ਸੰਤ ਬਾਬਾ ਹਰਬੰਸ ਸਿੰਘ ਅਮਰੀਕਾ,ਸਮੂਹ ਸਾਧ ਸੰਗਤ ਐਨ ਆਰ ਆਈ ਅਤੇ ਸੰਤ ਹਰੀ ਸੰਗੀਤ ਵਿਦਿਆਲਾ ਦੇ ਵਿਦਿਆਰਥੀ ਵਿਸ਼ੇਸ਼ ਤੌਰ



ਸਹਿਯੋਗ ਦੇ ਰਹੇ ਹਨ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਸਲਾਨਾ ਸਮਾਗਮ ਦੌਰਾਨ ਇਲਾਕੇ ਭਰ ਤੋਂ ਵੱਖ ਵੱਖ ਸੇਵਾ ਸੁਸਾਇਟੀਆਂ, ਸੰਤ ਮਹਾਂਪੁਰਸ਼ ਪੁੱਜ ਕੇ ਹਾਜਰੀ ਭਰਨਗੇ। ਇਸ ਮੌਕੇ ਸਲਾਨਾ ਬਰਸੀ ਸਮਾਗਮ ਮੌਕੇ ਚਾਹ ਪਕੌੜਿਆਂ ਅਤੇ ਗੁਰੂ ਕਾ ਲੰਗਰ ਅਟੁੱਟ ਵਰਤਾਏ ਜਾਵੇਗਾ

# ਸਾਂਝੇ ਅਧਿਆਪਕ ਮੋਰਚੇ ਦਾ ਵਫਦ ਰਾਜ ਚੋਣ ਕਮਿਸ਼ਨ, ਪੰਜਾਬ ਨੂੰ ਮਿਲਿਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਦਸੰਬਰ
INTERNATIONAL PAPER, 94636 01616
hardipchumber57@gmail.com

ਮਿਤੀ ( ਚੰਡੀਗੜ੍ਹ )*ਅੱਜ ਸਾਂਝੇ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰ ਤੇ ਕੋ ਕਨਵੀਨਰ ਅੱਜ ਸੈਕਟਰ 17 ਚੰਡੀਗੜ੍ਹ ਵਿਖੇ ਰਾਜ ਚੋਣ ਕਮਿਸ਼ਨ ਪੰਜ਼ਾਬ ਸ੍ਰੀ ਰਾਜ ਕਮਲ ਚੌਧਰੀ, ਸੈਕਟਰੀ ਮੈਡਮ ਰਾਜਦੀਪ ਕੌਰ ਜੀ ਨੂੰ ਵਫ਼ਦ ਦੇ ਰੂਪ ਮਿਲਿਆ ਤੇ ਬਲਾਕ ਸੰਮਤੀ/ਜਿਲ੍ਹਾ ਪ੍ਰੀਸ਼ਦ ਚੋਣਾਂ ਲਈ ਡਿਊਟੀਆਂ ਸੰਬਧੀ ਮੁਸ਼ਕਿਲਾਂ ਦੇ ਹੱਲ ਲਈ ਸੁਖਵਿੰਦਰ ਸਿੰਘ ਚਾਹਲ, ਕ੍ਰਿਸ਼ਨ ਸਿੰਘ ਦੁੱਗਾਂ,ਲਛਮਣ ਸਿੰਘ ਨਬੀਪੁਰ, ਸੁਰਿੰਦਰ ਕੰਬੋਜ,ਪਰਮਿੰਦਰਪਾਲ ਸਿੰਘ



ਕਾਲੀਆ ਤੇ ਕੰਵਲਜੀਤ ਸਿੰਘ ਭਵਾਨੀਗੜ੍ਹ ਤੇ ਅਧਾਰਿਤ ਵਫਦ ਮਿਲਿਆ ਤੇ ਵਿਸਥਾਰਿਤ ਮੀਟਿੰਗ ਕੀਤੀ। ਜਿਸ ਵਿਚ ਬਲਾਕ ਸੰਮਤੀ ਤੇ ਜਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਅਧਿਆਪਕਾਂ ਦੀਆਂ ਚੋਣ ਡਿਊਟੀਆਂ ਓਹਨਾਂ ਦੀ ਰਿਹਾਇਸ਼ ਦੇ ਨੇੜੇ ਲਗਾਉਣ, ਵਿਧਵਾ, ਤਲਾਕਸ਼ੁਦਾ, ਗਰਭਵਤੀ ਮਹਿਲਾਵਾਂ ਤੇ 2 ਸਾਲ ਤੋਂ ਛੋਟੇ ਬੱਚੇ ਵਾਲੀਆਂ ਇਸਤਰੀ ਮੁਲਾਜ਼ਮਾਂ ਨੂੰ ਚੋਣ ਡਿਊਟੀ ਤੋਂ ਛੋਟ ਦੇਣ, ਕਪਲ ਕੇਸ ਚ ਪਤਨੀ ਨੂੰ, ਮੰਦ ਬੁੱਧੀ ਬੱਚਿਆਂ ਦੇ ਮਾਪਿਆਂ ਚੋਣ ਡਿਊਟੀ ਤੋਂ ਛੋਟ ਦੇਣ, ਵੋਟਾਂ ਦੇ ਸਾਰੇ ਪ੍ਰਬੰਧ ਸਚਾਰੂ ਢੰਗ ਨਾਲ ਕਰਨ ਤੇ ਚੋਣ ਡਿਊਟੀ ਮੁਲਾਜ਼ਮਾਂ ਨੂੰ ਖਜ਼ਲ ਖੁਆਰੀ ਤੋਂ ਨਿਜ਼ਾਤ ਦਿਵਾਉਣ, ਚੋਣ ਡਿਊਟੀ ਸਟਾਫ਼ ਲਈ ਵਧੀਆ ਖਾਣੇ ਤੇ ਬਣਦੇ ਮਿਹਨਤਾਨੇ ਦੇਣ ਦਾ ਪ੍ਰਬੰਧ ਅਗਾਊਂ ਤੇ ਸਮੇਂ ਸਮੇਂ ਸਿਰ ਕਰਨ ਚੋਣ ਡਿਊਟੀ ਸਟਾਫ਼ ਦੀਆਂ ਵੋਟਾਂ ਪਾਉਣ ਦਾ ਵੀ ਪ੍ਰਬੰਧ ਕਰਨ, ਐਕਸ ਇੰਡੀਆ ਲੀਵ ਮਨਜ਼ੂਰ ਅਤੇ ਵਿਦੇਸ਼ ਜਾਣ ਦੀਆਂ ਟਿਕਟਾਂ ਬੁੱਕ ਕਰਾ ਚੁੱਕੇ ਮੁਲਾਜ਼ਮਾਂ ਨੂੰ ਚੋਣ ਡਿਊਟੀ ਤੋਂ ਛੋਟ ਦੇਣ, ਚੋਣ ਡਿਊਟੀ ਦੌਰਾਨ ਮੁਲਾਜ਼ਮਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਤੇ ਛੁੱਟੀਆਂ ਵਿੱਚ ਚੋਣ ਡਿਊਟੀ ਕਰਨ ਬਦਲੇ ਇਵਜ਼ੀ ਛੁੱਟੀ ਦੇਣ ਦੇ ਪੱਤਰ ਲਾਗੂ ਕਰਵਾਉਂਣ ਲਈ ਰਾਜ ਚੋਣ ਕਮਿਸ਼ਨ ਪੰਜ਼ਾਬ ਨਾਲ ਵਿਸਥਾਰਤ ਮੀਟਿੰਗ ਕੀਤੀ ਗਈ।ਜਿਸ ਚ ਰਾਜ ਚੋਣ ਕਮਿਸ਼ਨ ਪੰਜਾਬ ਵੱਲੋਂ ਮੁਸ਼ਕਿਲਾਂ ਦੇ ਹੱਲ ਲਈ ਬਣਦੀ ਕਰਵਾਈ ਦਾ ਭਰੋਸਾ ਦਿੱਤਾ1

# ਸਰਕਾਰੀ ਮਿਡਲ ਸਕੂਲ ਬਾਹੜੋਵਾਲ ਵਿਖੇ ਐਨ ਆਰ ਆਈਜ ਵਲੋਂ ਕੋਟ ਵੰਡੇ ਗਏ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਦਸੰਬਰ
INTERNATIONAL PAPER, 94636 01616
hardipchumber57@gmail.com

ਸ਼ਹੀਦ ਭਗਤ ਸਿੰਘ ਨਗਰ(ਚਰਨਜੀਤ ਸੱਲ੍ਹਾਂ):- ਸਰਕਾਰੀ ਮਿਡਲ / ਪ੍ਰਾਇਮਰੀ ਸਕੂਲ ਬਾਹੜੋਵਾਲ ਵਿਖੇ ਵਿਦਿਆਰਥੀਆਂ ਨੂੰ ਐਨ ਆਰ ਆਈਜ਼ ਪਰਮਿੰਦਰ ਕੌਰ ਵਲੋਂ ਕੋਟ ਵੰਡੇ ਗਏ। ਇਸ ਮੌਕੇ ਪਰਮਿੰਦਰ ਕੌਰ ਨੇ ਕਿਹਾ ਕਿ ਅੱਜ ਦੇ ਬੱਚੇ ਹੀ ਸਾਡੇ ਦੇਸ਼ ਦਾ



ਭਵਿੱਖ ਹਨ। ਉਨ੍ਹਾਂ ਬੱਚਿਆਂ ਨੂੰ ਦਿਲ ਲਗਾ ਕੇ ਪੜ੍ਹਾਈ ਕਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਕੋਟ ਵੰਡਣ ਦੀ ਸਹਾਇਤਾ ਵਿੱਚ ਪਰਮਿੰਦਰ ਕੌਰ ਨਾਰਵੇ, ਸਵ: ਸੰਤੋਖ ਸਿੰਘ ਗਿੱਲ ਦੇ ਪਰਿਵਾਰ, ਗੋਪੀ ਅਟਵਾਲ ਕਨੇਡਾ, ਧਰਮ ਸਰੋਆ ਕਨੇਡਾ, ਦਵਿੰਦਰ ਸਿੰਘ ਬੋਲਾ ਸਾਈਪ੍ਰੈਸ, ਗੁਰਮੀਤ ਕੌਰ ਚਾਹਲ, ਕੰਵਲਜੀਤ ਕੌਰ ਉੱਪਲ ਯੂ. ਕੇ ਦਾ ਮੁੱਖ ਸਹਿਯੋਗ ਰਿਹਾ। ਸਕੂਲ ਮੁੱਖੀ ਸੁੱਖਵੀਰ ਕੌਰ ਅਤੇ ਨਰਿੰਦਰ ਕੌਰ ਨੇ ਸਾਰੀ ਦਾਨੀ ਸੱਜਣਾਂ ਦੇ ਪਰਿਵਾਰਾਂ ਅਤੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਜਥੇਦਾਰ ਸੁਰਿੰਦਰ ਸਿੰਘ ਅਟਵਾਲ, ਸਤਨਾਮ ਸਿੰਘ ਅਟਵਾਲ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਏਡਜ਼ ਤੋਂ ਬਚਾਓ ਲਈ ਕਿਰਦਾਰ ਕੋਠੇ ਜਿੱਡਾ ਕਰਨ ਦੀ ਲੋੜ --ਜਗਤਾਰ ਸਿੰਘ ਸਿੱਧੂ

## ਦੇਸ਼ ਦੇ ਕਲੱਕਤਾ ਵਿੱਚ 1986 ਚ ਪਾਇਆ ਗਿਆ ਸੀ ਪਹਿਲਾ ਏਡਜ ਦਾ ਮਰੀਜ਼

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਦਸੰਬਰ
INTERNATIONAL PAPER, 94636 01616
hardipchumber57@gmail.com

ਅਮਰਗੜ੍ਹ 2 ਦਸੰਬਰ (ਜਗਤਾਰ ਸਿੰਘ ਸਿੱਧੂ) ਅੱਜ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਅਮਰਗੜ੍ਹ ਵਿਖੇ ਵਿਸਵ ਏਡਜ ਦਿਵਸ ਮਨਾਇਆ ਗਿਆ।ਇਸ ਮੌਕੇ ਬੋਲਦਿਆਂ ਸੀਨੀਅਰ ਸਿਹਤ ਇੰਸਪੈਕਟਰ ਜਗਤਾਰ ਸਿੰਘ ਸਿੱਧੂ ਨੇ ਕਿਹਾ ਕਿ ਜਿੱਥੇ ਏਡਜ਼ ਦਾ ਕਾਰਨ ਅਣਸੁਰੱਖਿਅਤ ਸਰੀਰਕ ਸੰਬੰਧ ਬਣਦੇ ਹਨ ਉੱਥੇ ਏਡਜ਼ ਤੋਂ ਬਚਣ ਇੱਕੋ ਇੱਕ ਸਟੀਕ ਫਾਰਮੂਲਾ ਇਹ ਹੈ ਕਿ ਅਸੀਂ ਆਪਣੇ ਕਿਰਦਾਰ ਚਰਿੱਤਰ ਨੂੰ ਕੋਠੇ ਜਿੱਡਾ ਉੱਚਾ ਰੱਖੀਏ। ਨਾਲ ਹੀ ਤਪਦਿਕ ,ਤੰਬਾਕੂ ਅਤੇ ਕੈਂਸਰ ਬਾਰੇ ਜਾਗਰੂਕਤਾ ਫੈਲਾਈ ਗਈ। ਇਸ ਮੌਕੇ ਐਕੁਆਇਰਡ ਅਮਾਨੋ ਡੈਫੀਸੈਂਸੀ ਸਿੰਗਰੋਮ ( AIDS) ਭਾਵ ਹਿਊਮਨ ਅਮਾਇਨੋ ਵਾਇਰਸ (HIV) ਦੇ ਚਿੰਨ੍ਹ ਲੱਛਣ ਨਿਸ਼ਾਨੀਆਂ ਅਤੇ ਰੋਕਥਾਮ ਬਚਾਓ ਬਾਰੇ ਜਾਣਕਾਰੀ ਦਿੰਦਿਆਂ ਸਿੱਧੂ ਨੇ ਕਿਹਾ ਕਿ ਏਡਜ਼ ਇੱਕ ਜਾਨਲੇਵਾ ਅਤੇ ਲਾ ਇਲਾਜ਼ ਬੀਮਾਰੀ ਹੈ ਪਰ ਜਾਗਰੂਕਤਾ ਅਤੇ ਦਵਾਈਆਂ ਨਾਲ ਏਡਜ਼ ਗ੍ਰਸਤ ਮਰੀਜ਼ ਦੀ ਉਮਰ ਕਾਫੀ ਸਾਲ ਵਧਾਈ ਜਾ ਸਕਦੀ ਹੈ। ਸਿੱਧੂ ਨੇ ਕਿਹਾ ਕਿ ਏਡਜ਼ ਕਾਰਨ ਸਾਲ 2024 ਚ ਤਕਰੀਬਨ 630000 ਲੋਕਾਂ ਦੀ ਮੌਤ ਹੋਈ ਅਤੇ ਅੰਦਾਜ਼ਨ 1.3 ਮਿਲੀਅਨ ਲੋਕ ਇਸ ਨਾਲ ਗ੍ਰਸਤ ਹੋ ਗਏ । ਇਸ ਬੀਮਾਰੀ ਦੇ ਵਾਇਰਸ ਸਿੱਧਾ ਮਨੁੱਖ ਦੀ ਬੀਮਾਰੀਆਂ ਨਾਲ ਲੜਨ ਦੀ ਸਮਰੱਥਾ ( ਇਮੂਨਿਟੀ) ਨੂੰ ਖਤਮ ਕਰ ਦਿੰਦੇ ਹਨ ਨਤੀਜਨ ਵਿਆਕਤੀ ਨੂੰ ਕੋਈ ਵੀ ਸਰੀਰਕ ਬੀਮਾਰੀ ਲੱਗ ਜਾਵੇ ਤਾਂ ਉਹ ਠੀਕ ਨਹੀਂ ਹੁੰਦੀ। ਇਸ ਦੀਆਂ ਨਿਸ਼ਾਨੀਆਂ, ਚਿੰਨ੍ਹ ਅਤੇ ਲੱਛਣਾਂ ਬਾਰੇ ਜਾਣੂ ਕਰਵਾਉਂਦਿਆ ਜਗਤਾਰ ਸਿੰਘ ਸਿੱਧੂ ਨੇ ਦੱਸਿਆ ਕਿ ਬੁਖਾਰ, ਸਰੀਰ ਦੇ ਕਿਸੇ ਵੀ ਹਿੱਸੇ ਤੇ ਗਿਲ੍ਹਟੀਆਂ (ਗੱਠਾਂ) ਬਣ ਜਾਣੀਆਂ ਖਾਂਸੀ ,ਸਰੀਰ ਤੇ ਲਾਲ ਦਾਣੇ (ਰੈਸ਼) ਕਮਜੋਰੀ,ਭਾਰ ਘੱਟਣਾ, ਗਲਾ ਅੰਦਰੋਂ ਪੱਕ ਜਾਣਾ ਹੈ। ਸਰਕਾਰ ਅਤੇ ਸਿਹਤ ਵਿਭਾਗ ਨੇ ਜਿੱਥੇ ਮਲੇਰੀਆ, ਕਾਲਾ ਪੀਲੀਆ ਅਤੇ ਤਪਦਿਕ ਨੂੰ ਖਤਮ ਕਰਨ ਦਾ ਟੀਚਾ ਮਿੱਥਿਆ ਹੈ ਉਸੇ ਤਰ੍ਹਾਂ ਸਰਕਾਰ ਨੂੰ ਉਮੀਦ ਹੈ ਕਿ ਲੋਕਾਂ ਦੇ ਸਹਿਯੋਗ ਨਾਲ ਸਾਲ 2030 ਤੱਕ ਏਡਜ਼ ਤੇ ਵੀ ਕਾਫੀ ਹੱਦ ਤੱਕ ਕਾਬੂ ਪਾ ਲਿਆ ਜਾਵੇਗਾ। ਇਸ ਮੌਕੇ ਸਕੂਲ ਪ੍ਰਿੰਸੀਪਲ ਕੁਲਵੰਤ ਸਿੰਘ, ਸਕੂਲ ਸਟਾਫ ਤੋਂ ਇਲਾਵਾ ਗਗਨ ਅਤੇ ਜਤਿੰਦਰ ਸਿੰਘ ਬਰੀਡਰ ਚੈੱਕਰ ਹਾਜਰ ਸਨ।

# ਸੀਪੀਆਈ(ਐਮ ਐਲ) ਨੇ ਬਲਾਕ ਤੋੜਨ ਵਿਰੁੱਧ ਰਾਜਨੀਤਕ ਕਾਨਫਰੰਸ ਕਰਕੇ ਰਣਨੀਤੀ ਉਲੀਕੀ

## ਔੜ ਬਲਾਕ ਵਿਚ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਦੀਆਂ ਚੋਣਾਂ ਦਾ ਬਾਈਕਾਟ ਕਰਨ ਦਾ ਸਰਵਸੰਮਤੀ ਨਾਲ ਲਿਆ ਫ਼ੈਸਲਾ

“Equality and justice”
Patiala 03 December
INTERNATIONAL PAPER, 94636 01616
hardipchumber57@gmail.com

ਉੜਾਪੜ (ਸਤਨਾਮ ਸਿੰਘ ਸਹੂੰਗੜਾ) ਅੱਜ ਇੱਥੇ ਸੀਪੀਆਈ(ਐਮ ਐਲ) ਨਿਊ ਡੈਮੋਕਰੇਸੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਕਿਰਤੀ ਕਿਸਾਨ ਯੂਨੀਅਨ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਸਹਿਯੋਗ ਨਾਲ ਔੜ ਬਲਾਕ ਨੂੰ ਖ਼ਤਮ ਕਰਨ ਵਿਰੁੱਧ ਰਾਜਨੀਤਕ ਕਾਨਫਰੰਸ ਕੀਤੀ ਗਈ ਜਿਸ ਵਿਚ ਔੜ ਬਲਾਕ ਦੇ ਪਿੰਡਾਂ ਤੋਂ ਵੱਡੀ ਗਿਣਤੀ ਵਿਚ ਕਿਸਾਨ, ਮਜ਼ਦੂਰ, ਔਰਤਾਂ, ਲੋਕਪੱਖੀ ਸ਼ਖਸੀਅਤਾਂ ਤੋਂ ਇਲਾਵਾ, ਕਿਰਤੀ ਕਿਸਾਨ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਤੇ ਕਾਰਕੁਨ ਸ਼ਾਮਲ ਹੋਏ। ਬਲਾਕ ਬਚਾਓ ਸੰਘਰਸ਼ ਕਮੇਟੀ ਦੇ ਮੈਂਬਰ ਵੀ ਵਿਸ਼ੇਸ਼ ਤੌਰ 'ਤੇ ਹਮਾਇਤ ਵਿਚ ਪਹੁੰਚੇ। ਇਸ ਮੌਕੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਸੀਪੀਆਈਐੱਮਐੱਲ ਦੇ ਆਗੂ ਐਡਵੋਕੇਟ ਦਲਜੀਤ ਸਿੰਘ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ



ਸਿੰਘ ਬੈਂਸ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਇਲਾਕਾ ਪ੍ਰਧਾਨ ਸੁਰਿੰਦਰ ਸਿੰਘ ਮਹਿਰਮਪੁਰ, ਬਲਾਕ ਬਚਾਓ ਸੰਘਰਸ਼ ਕਮੇਟੀ ਦੇ ਮੈਂਬਰ ਰਾਜ ਕੁਮਾਰ ਮਾਹਲ ਖੁਰਦ, ਪੱਤਰਕਾਰ ਲਖਵੀਰ ਸਿੰਘ ਖੁਰਦ , ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਹਰੀ ਰਾਮ ਰਸੂਲਪੁਰੀ, ਬਲਾਕ ਬਚਾਓ ਸੰਘਰਸ਼ ਕਮੇਟੀ ਦੇ ਮੈਂਬਰ ਰਾਜ ਕੁਮਾਰ ਮਾਹਲ ਖ਼ੁਰਦ, ਬੂਟਾ ਸਿੰਘ ਮਹਿਮੂਦਪੁਰ, ਰਾਮਜੀ ਦਾਸ ਖੜਕੂਵਾਲ, ਸੁਖਵਿੰਦਰ ਸਿੰਘ ਧਾਵਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸਹੂਲਤ ਲਈ ਬਣਾਏ ਅਦਾਰੇ ਨੂੰ ਲੋਕਾਂ ਨਾਲ ਮਸ਼ਵਰਾ ਕੀਤੇ ਬਿਨਾਂ ਤੋੜ ਦੇਣਾ ਤਾਨਾਸ਼ਾਹ ਹਕੂਮਤੀ ਨੀਤੀ ਹੈ। ਪਿੰਡਾਂ ਦੀਆਂ 74 ਪੰਚਾਇਤਾਂ ਵੱਲੋਂ ਮਤੇ ਪਾ ਕੇ ਅਤੇ ਰਾਜਨੀਤਕ ਪਾਰਟੀਆਂ, ਕਿਸਾਨ, ਮਜ਼ਦੂਰ ਅਤੇ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਸਮੂਹ ਲੋਕਾਂ ਨੂੰ ਲੈ ਕੇ ਧਰਨੇ ਤੇ ਚੱਕਾ ਜਾਮ ਰਾਹੀਂ ਬਲਾਕ ਨੂੰ ਖ਼ਤਮ ਕਰਨ ਵਿਰੁੱਧ ਪ੍ਰਗਟਾਏ ਜਨਤਕ ਰੋਸ ਨੂੰ ਟਿੱਚ ਸਮਝਕੇ ਹੁਣ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਥੋਪ ਦਿੱਤੀਆਂ ਗਈਆਂ ਹਨ। ਇਕੱਠ ਨੇ ਸਰਵਸੰਮਤੀ ਨਾਲ ਮਤਾ ਪਾਸ ਕਰਕੇ ਸਮੂਹ ਪਿੰਡਾਂ ਦੇ ਲੋਕਾਂ ਨੂੰ ਔੜ ਬਲਾਕ ਦੀਆਂ ਚੋਣਾਂ ਦਾ ਬਾਈਕਾਟ ਕਰਨ ਅਤੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਗ੍ਰਾਮ ਸਭਾਵਾਂ ਦੇ ਵਿਸ਼ੇਸ਼ ਇਜਲਾਸ ਕਰਕੇ ਬਲਾਕ ਨੂੰ ਖ਼ਤਮ ਕਰਨ ਵਿਰੁੱਧ ਵਿਸ਼ੇਸ਼ ਮਤੇ ਪਾਉਣ ਦਾ ਸੱਦਾ ਦਿੱਤਾ ਗਿਆ। ਨਾਲ ਹੀ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਨੂੰ ਬਲਾਕ ਦੇ ਪਿੰਡਾਂ ਦੇ ਹਿਤਾਂ ਨੂੰ ਮੁੱਖ ਰੱਖਦਿਆਂ ਚੋਣਾਂ ਵਿਚ ਹਿੱਸਾ ਨਾ ਲੈਣ ਦੀ ਪੁਰਜ਼ੋਰ ਅਪੀਲ ਕੀਤੀ ਗਈ। ਕਿਉਂਕਿ ਜਿਸ ਸੰਸਥਾ ਲਈ ਚੋਣਾਂ ਕਰਵਾਈਆਂ ਜਾ ਰਹੀਆਂ ਹਨ ਜਦੋਂ ਬਲਾਕ ਦੇ ਪਿੰਡਾਂ ਦੀ ਉਹ ਸੰਸਥਾ ਹੀ ਖ਼ਤਮ ਕਰ ਦਿੱਤੀ ਗਈ ਹੈ ਤਾਂ ਬਲਾਕ ਦੇ ਲੋਕਾਂ ਵੱਲੋਂ ਚੋਣਾਂ ਵਿਚ ਹਿੱਸਾ ਲੈਣ ਅਤੇ ਵੋਟਾਂ ਪਾਉਣ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਕਾਨਫਰੰਸ ਨੇ ਫ਼ੈਸਲਾ ਕੀਤਾ ਕਿ ਪਿੰਡ ਪਿੰਡ ਪ੍ਰਚਾਰ ਕਰਕੇ ਲੋਕਾਂ ਨੂੰ ਔੜ ਬਲਾਕ ਦੀਆਂ ਚੋਣਾਂ ਦਾ ਬਾਈਕਾਟ ਕਰਨ ਦਾ ਹੋਕਾ ਦਿੱਤਾ ਜਾਵੇਗਾ ਅਤੇ ਸਰਕਾਰ ਨੂੰ ਜਨਤਕ ਦਬਾਅ ਨਾਲ ਬਲਾਕ ਨੂੰ ਮੁੜ-ਬਹਾਲ ਕਰਨ ਲਈ ਮਜਬੂਰ ਕਰਨ ਵਾਸਤੇ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਮੰਚ ਸੰਚਾਲਨ ਮਾਸਟਰ ਨਰਿੰਦਰ ਸਿੰਘ ਉੜਾਪੜ ਵੱਲੋਂ ਕੀਤਾ ਗਿਆ। ਇਸ ਮੌਕੇ ਕਮਲੇਸ਼ ਕੌਰ, ਕਾ. ਜੁਗਿੰਦਰ ਸਿੰਘ, ਕਰਨੈਲ ਸਿੰਘ, ਬਲਦੇਵ ਸਿੰਘ, ਮੋਹਣ ਸਿੰਘ ਟਾਂਕ, ਸਤਨਾਮ ਸਿੰਘ ਪ੍ਰਧਾਨ, ਚਰਨ ਸਿੰਘ ਸਮੇਤ ਇਲਾਕੇ ਦੀਆਂ ਸ਼ਖ਼ਸ਼ੀਅਤਾਂ ਅਤੇ ਕਾਰਕੁਨ ਹਾਜ਼ਰ ਸਨ।

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

# ਆਪ ਆਗੂਆਂ ਅਤੇ ਸਰਪੰਚਾਂ ਨੇ ਬਲਾਕ ਸੰਮਤੀ ਮੈਂਬਰ ਸ੍ਰੀਮਤੀ ਪਰਮਜੀਤ ਕੌਰ ਦੇ ਹੱਕ ਵਿੱਚ ਕੀਤੀ ਮੀਟਿੰਗ

"Equality and justice" Patiala 03 December INTERNATIONAL PAPER, 9463601616 hardipchumber57@gmail.com



ਲੌਂਗੋਵਾਲ,3 ਦਸੰਬਰ (ਜਗਸੀਰ ਸਿੰਘ )- ਆਮ ਆਦਮੀ ਪਾਰਟੀ ਵੱਲੋਂ ਜੋਨ ਬਡਰੁੱਖਾਂ ਦੇ ਪਿੰਡੀ ਭਾਈ ਕੀ ਸਮਾਧ ਤੋਂ ਬਲਾਕ ਸੰਮਤੀ ਮੈਂਬਰ ਲਈ ਸ੍ਰੀਮਤੀ ਪਰਮਜੀਤ ਕੌਰ ਨੂੰ ਉਮੀਦਵਾਰ ਬਣਾਇਆ ਹੈ, ਅੱਜ ਕਸਬੇ ਨੇੜਲੀ ਪਿੰਡੀ ਬਟੂਹਾ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀਮਤੀ ਪਰਮਜੀਤ ਕੌਰ ਦੇ ਹੱਕ ਵਿੱਚ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਇਲਾਕੇ ਦੇ ਪੰਚਾਂ ਸਰਪੰਚਾਂ ਵੱਲੋਂ ਵਿਸ਼ਾਲ ਮੀਟਿੰਗ ਆਯੋਜਿਤ ਕੀਤੀ ਗਈ ਅਤੇ ਸ੍ਰੀਮਤੀ ਪਰਮਜੀਤ ਕੌਰ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਸਰਪੰਚ ਬਲਵਿੰਦਰ ਸਿੰਘ ਢਿੱਲੋਂ, ਆਪ ਬੀ.ਸੀ. ਵਿੰਗ ਦੇ ਸੂਬਾ ਜੁਆਇੰਟ ਸਕੱਤਰ ਸ.ਰਾਜ ਸਿੰਘ ਰਾਜੂ, ਸੀਨੀਅਰ ਆਪ ਆਗੂ ਸ.ਅੰਮ੍ਰਿਤਪਾਲ ਸਿੰਘ ਸਿੱਧੂ ਤੇ ਆਮ ਆਦਮੀ ਪਾਰਟੀ ਬਲਾਕ ਲੌਂਗੋਵਾਲ ਪ੍ਰਧਾਨ ਸ੍ਰੀ ਵਿੱਕੀ ਵਸ਼ਿਸਟ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਆਪ ਦੇ ਸੂਬਾ ਪ੍ਰਧਾਨ ਤੇ ਕੈਬਿਨਟ ਮੰਤਰੀ ਸ੍ਰੀ ਅਮਨ ਅਰੋੜਾ ਦੀ ਅਗਵਾਈ ਹੇਠ ਪਾਰਟੀ ਇਹਨਾਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਨੂੰ ਵੱਡੇ ਫਰਕ ਨਾਲ ਜਿੱਤੇਗੀ ਅਤੇ ਸ੍ਰੀਮਤੀ ਪਰਮਜੀਤ ਕੌਰ ਨੂੰ ਜਿਤਾਉਣ ਲਈ ਸਾਰੇ ਆਗੂਆਂ ਤੇ ਵਰਕਰਾਂ ਵੱਲੋਂ ਸਖਤ ਮਿਹਨਤ ਕੀਤੀ ਜਾਵੇਗੀ। ਇਸ ਮੌਕੇ ਸਰਪੰਚ ਜੁਗਰਾਜ ਸਿੰਘ ਪਿੰਡੀ ਬਟੂਹਾ ਖੁਰਦ, ਸਰਪੰਚ ਭੀਮ ਦਾਸ ਬਾਵਾ ਪਿੰਡੀ ਭਾਈ ਕੀ ਸਮਾਧ, ਸਰਪੰਚ ਨਿਹਾਲ ਸਿੰਘ ਪਿੰਡੀ ਵਡਿਆਣੀ, ਸਰਪੰਚ ਗੋਬਿੰਦ ਸਿੰਘ, ਸਰਪੰਚ ਦਰਸ਼ਨ ਸਿੰਘ, ਸਰਪੰਚ ਜਗਸੀਰ ਸਿੰਘ ਪਿੰਡੀ ਢਿੱਲਵਾਂ, ਜਰਨੈਲ ਸਿੰਘ ਸਰਪੰਚ ਪਿੰਡੀ ਭੁੱਲਰ,ਸਰਪੰਚ ਲੱਖੀ ਸਿੰਘ ਗੋਬਿੰਦ ਨਗਰ, ਆਪ ਆਗੂ ਜੱਗਾ ਸਿੰਘ ਭੁੱਲਰ, ਰਾਜ ਸਿੰਘ ਭੁੱਲਰ ਪਿੰਡੀ ਬਟੂਹਾ ਦੇ ਪੰਚ ਦਰਸ਼ਨ ਸਿੰਘ ਆਪ ਆਗੂ ਮਾਨ ਸਿੰਘ, ਜੱਗਰ ਸਿੰਘ, ਚਮਕੌਰ ਸਿੰਘ ਕੌਰੀ, ਦਵਿੰਦਰ ਸਿੰਘ ਪੰਮਾ, ਭੋਲਾ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਸੇਵਾਦਾਰ ,ਨਾਜਰ ਸਿੰਘ ਪੰਚ,ਪ੍ਰਿਤਪਾਲ ਸਿੰਘ ਪੰਚ, ਜਗਸੀਰ ਸਿੰਘ ਪੰਚ,ਪਰਮਜੀਤ ਕੌਰ ਪੰਚ, ਆਪ ਆਗੂ,ਰਘਵੀਰ ਸਿੰਘ, ਰੁਪਿੰਦਰ ਕੌਰ, ਮੁਖਤਿਆਰ ਕੌਰ, ਸਰਬਜੀਤ ਕੌਰ, ਬਲਵੰਤ ਕੌਰ ਆਦਿ ਨੇ ਸ੍ਰੀਮਤੀ ਪਰਮਜੀਤ ਕੌਰ ਤੇ ਬਲਾਕ ਸੰਮਤੀ ਜ਼ੋਨ ਮੰਡੇਰ ਕਲਾਂ ਦੇ ਉਮੀਦਵਾਰ ਸਤਿਨਾਮ ਸਿੰਘ (ਕਾਲਾ ਬਡਰੁੱਖਾਂ) ਨੂੰ ਰਿਕਾਰਡ ਤੋੜ ਵੋਟਾਂ ਨਾਲ ਜਿਤਾਉਣ ਲਈ ਸਖਤ ਮਿਹਨਤ ਕਰਨ ਦਾ ਅਹਿਦ ਕੀਤਾ।

# ਕੰਪਿਊਟਰ ਦੀ ਦੁਨੀਆ ਦੀ ਨਾਮਵਰ ਸ਼ਖ਼ਸੀਅਤ ਡਾਕਟਰ ਸੀ.ਪੀ ਕੰਬੋਜ਼

"Equality and justice" Patiala 03 December INTERNATIONAL PAPER, 9463601616 hardipchumber57@gmail.com

ਡਾ.ਸੀ ਪੀ ਕੰਬੋਜ ਕੰਪਿਊਟਰ ਦੇ ਖੇਤਰ ਦੇ ਮਾਹਿਰ ਹਨ। ਉਹ ਫ਼ਾਜ਼ਿਲਕਾ ਦੇ ਸਰਹੱਦੀ ਪਿੰਡ ਲਾਧੂਕਾ ਤੋਂ ਉੱਠ ਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਅਧਿਆਪਨ ਅਤੇ ਖੋਜ ਕਾਰਜਾਂ ਰਾਹੀਂ ਪੰਜਾਬੀ ਭਾਸ਼ਾ ਦਾ ਵਿਕਾਸ ਕਰ ਰਹੇ ਹਨ। ਲੇਖਕ ਨੂੰ ਦੁਨੀਆ ਦੀ ਸਭ ਤੋਂ ਪਹਿਲੀ, ਪੰਜਾਬੀ ਜ਼ੁਬਾਨ ਵਿੱਚ ਲਿਖੀ ਕੰਪਿਊਟਰ ਪੁਸਤਕ ਦਾ ਮਾਣ ਹਾਸਲ ਹੈ। ਉਨ੍ਹਾਂ ਨੇ ਕਈ ਮਹੱਤਵਪੂਰਨ ਕੰਪਿਊਟਰ ਪੁਸਤਕਾਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਵੀ ਕੀਤਾ ਹੈ। ਉਹ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਦੇ ਸਿਰਕੱਢ ਅਖ਼ਬਾਰਾਂ ਵਿੱਚ ਲਿਖਦੇ ਆ ਰਹੇ ਹਨ। ਅਖ਼ਬਾਰਾਂ ਵਿੱਚ ਛਪੇ ਉਨ੍ਹਾਂ ਦੇ ਹਜ਼ਾਰਾਂ ਲੇਖ ਅਤੇ ਤਿੰਨ ਦਰਜਨ ਤੋਂ ਵੱਧ ਪੁਸਤਕਾਂ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਉਹ ਪੰਜਾਬੀ ਭਾਸ਼ਾ ਦੀ 'ਚੜ੍ਹਦੀ ਕਲਾ' ਲਈ ਲਗਾਤਾਰ ਯਤਨਸ਼ੀਲ ਹਨ।

ਪੰਜਾਬ ਸਕੂਲ ਸਿੱਖਿਆ ਬੋਰਡ ਨੇ ਉਹਨਾਂ ਤੋਂ ਪੁਸਤਕਾਂ ਅਨੁਵਾਦ ਕਰਵਾ ਕੇ ICT ਪ੍ਰੋਜੈਕਟ ਤਹਿਤ ਪੰਜਾਬ ਭਰ ਵਿੱਚ ਲਾਗੂ ਕੀਤੀਆਂ। ਉਹਨਾਂ ਵੱਲੋਂ ਲਿਖੀਆਂ ਗਈਆਂ ਪੁਸਤਕਾਂ ਪੰਜਾਬ, ਹਰਿਆਣਾ ਅਤੇ ਦਿੱਲੀ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਪਾਠਕ੍ਰਮ ਵਿੱਚ ਸ਼ਾਮਲ ਹਨ। ਉਨ੍ਹਾਂ ਨੇ ਆਪਣਾ ਪੀ.ਐੱਚ.ਡੀ.ਦਾ ਖੋਜ-ਕਾਰਜ "ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ: ਸਮੱਸਿਆਵਾਂ, ਸਥਿਤੀ ਅਤੇ ਹੱਲ" ਵਿਸ਼ੇ 'ਤੇ ਪੂਰਾ ਕੀਤਾ। ਡਾ. ਕੰਬੋਜ ਦਾ ਉਦੇਸ਼ ਹੈ ਕਿ ਕੰਪਿਊਟਰ ਅਤੇ ਆਧੁਨਿਕ ਤਕਨਾਲੋਜੀ ਬਾਰੇ ਗਿਆਨ ਨੂੰ ਪੰਜਾਬੀ ਭਾਸ਼ਾ ਰਾਹੀਂ ਲੋਕਾਂ ਤੱਕ ਸੌਖੇ ਅਤੇ ਸਮਝਣਯੋਗ ਤਰੀਕੇ ਨਾਲ ਪਹੁੰਚਾਇਆ ਜਾਵੇ।ਉਹ ਯੂਨੀਵਰਸਿਟੀ ਦੇ 'ਪੰਜਾਬੀ ਕੰਪਿਊਟਰ ਸਹਾਇਤਾ ਕੇਂਦਰ' ਰਾਹੀਂ ਪੇਂਡੂ ਵਿਦਿਆਰਥੀਆਂ, ਕੰਪਿਊਟਰ ਸ਼ੌਕੀਨਾਂ, ਪੱਤਰਕਾਰਾਂ, ਲੇਖਕਾਂ ਅਤੇ ਹੋਰਨਾਂ ਕਾਰੋਬਾਰੀਆਂ ਲਈ ਪੰਜਾਬੀ ਮਾਧਿਅਮ ਵਿੱਚ ਛੋਟੇ ਕੰਪਿਊਟਰ ਕੋਰਸ ਚਲਾ ਰਹੇ ਹਨ। ਇਨ੍ਹਾਂ ਕੋਰਸਾਂ ਨੂੰ ਪੂਰਾ ਕਰਕੇ ਵਿਦਿਆਰਥੀ ਨੌਕਰੀਆਂ ਤਾਂ ਲੱਗ ਹੀ ਰਹੇ ਹਨ ਨਾਲ ਸਵੈ-ਰੁਜ਼ਗਾਰ ਦੇ ਖੇਤਰ ਵਿੱਚ ਵੀ ਅੱਗੇ ਆ ਰਹੇ ਹਨ। ਉਹਨਾਂ ਵੱਲੋਂ ਤਿਆਰ ਕੀਤੇ ਗੁਰਬਾਣੀ ਫੌਂਟ, ਪੰਜਾਬੀ ਫੌਂਟ ਕਨਵਰਟਰ, ਅੰਗਰੇਜ਼ੀ-ਪੰਜਾਬੀ ਕੋਸ਼, ਟਾਈਪਿੰਗ ਅਤੇ ਕੀ-ਬੋਰਡ ਆਦਿ ਐਪਸ ਦਾ ਵਰਤੋਂਕਾਰ ਪੂਰਾ ਲਾਭ ਲੈ ਰਹੇ ਹਨ। ਉਹ ਇੱਕ ਸਫਲ ਯੂ-ਟਿਊਬਕਾਰ, ਬਲੌਗਕਾਰ, ਰੇਡੀਓ-ਟੀਵੀ ਵਾਰਤਾਕਾਰ ਅਤੇ ਆਦਰਸ਼ ਅਧਿਆਪਕ ਹੈ।



ਅੰਗਰੇਜ ਸਿੰਘ ਵਿੱਕੀ,
ਸਾਬਕਾ ਚੇਅਰਮੈਨ ਪਸਵਕ,
ਸਾਬਕਾ ਪੰਚ,
ਪਿੰਡ ਤੇ ਡਾਕ. ਕੋਟਗੁਰੂ (ਬਠਿੰਡਾ),
ਮੋਬਾਇਲ 98888 70822,

# ਮਨਰੇਗਾ ਮਜ਼ਦੂਰਾਂ ਨੂੰ ਰੁਜ਼ਗਾਰ ਜਾਂ ਬੇਰੁਜ਼ਗਾਰੀ ਭੱਤੇ ਦੀ ਮੰਗ ਸਬੰਧੀ ਗੁੰਮਰਾਹ ਨਾ ਕੀਤਾ ਜਾਵੇ- ਬਲਦੇਵ ਭਾਰਤੀ

"Equality and justice" Patiala 03 December INTERNATIONAL PAPER, 9463601616 hardipchumber57@gmail.com

ਫਿਲੌਰ/ਅੱਪਰਾ, 3 ਦਸੰਬਰ (ਦੀਪ)- ਨੈਸ਼ਨਲ ਲੇਬਰ ਔਰਗੇਨਾਈਜੇਸ਼ਨ (ਐੱਨ ਐੱਲ ਓ) ਦੇ ਕਨਵੀਨਰ ਬਲਦੇਵ ਭਾਰਤੀ ਸਟੇਟ ਐਵਾਰਡੀ ਨੇ ਦੱਸਿਆ ਕਿ ਕੁੱਝ ਮਨਰੇਗਾ ਅਧਿਕਾਰੀਆਂ, ਕਰਮਚਾਰੀਆਂ ਅਤੇ ਹੋਰ ਰਸੂਖਵਾਨ ਲੋਕਾਂ ਵੱਲੋਂ ਰੁਜ਼ਗਾਰ ਅਤੇ ਬੇਰੁਜ਼ਗਾਰੀ ਭੱਤੇ ਦੀ ਮੰਗ ਸਬੰਧੀ ਮਜ਼ਦੂਰਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਇਸ ਸਬੰਧੀ ਸਖ਼ਤ ਨੋਟਿਸ ਲੈਂਦਿਆਂ ਚਿਤਾਵਨੀ ਦਿੱਤੀ ਕਿ ਮਜ਼ਦੂਰਾਂ ਨੂੰ ਗੁੰਮਰਾਹ ਕਰਨ ਦੀਆਂ ਕੋਸ਼ਿਸ਼ਾਂ ਬੰਦ ਕਰ ਕੇ ਆਪਣੀ ਬਣਦੀ ਡਿਊਟੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਭਾਂਵੇ ਕਿ ਮਨਰੇਗਾ ਵਿੱਚੋਂ ਕੁੱਝ ਕੱਚੇ ਕੰਮ ਹਟਾ ਦਿੱਤੇ ਗਏ ਹਨ ਪਰ ਮਜ਼ਦੂਰਾਂ ਪਾਸ ਇੱਕ ਵਿੱਤੀ ਸਾਲ ਦੌਰਾਨ 100 ਦਿਨ ਦਾ ਰੁਜ਼ਗਾਰ ਲੈਣ ਦਾ ਕਾਨੂੰਨੀ ਹੱਕ ਮੌਜੂਦ ਹੈ।

ਬਲਦੇਵ ਭਾਰਤੀ ਨੇ ਦੱਸਿਆ ਕਿ ਮਨਰੇਗਾ ਮਜ਼ਦੂਰਾਂ ਵੱਲੋਂ ਮੁੱਢਲੇ ਸੰਘਰਸ਼ ਵਜੋਂ ਉਨ੍ਹਾਂ ਦੀ ਜੱਥੇਬੰਦੀ ਨੈਸ਼ਨਲ ਲੇਬਰ ਔਰਗੇਨਾਈਜੇਸ਼ਨ (ਐੱਨ ਐੱਲ ਓ) ਰਾਹੀਂ 'ਮਹਾਤਮਾ ਗਾਂਧੀ ਕੌਮੀ ਦਿਹਾਤੀ ਰੋਜ਼ਗਾਰ ਗ੍ਰੰਟੀ ਕਾਨੂੰਨ-2005' ਦੇ ਸੈਕਸ਼ਨ 3 (1), ਪੈਰਾ ਨੰ 9 ਸ਼ਡਿਊਲ-।। ਤਹਿਤ ਰੁਜ਼ਗਾਰ ਦੀ ਮੰਗ ਲਿਖਤੀ ਤੌਰ ਤੇ ਕੀਤੀ ਜਾ ਰਹੀ ਹੈ। ਮਜ਼ਦੂਰਾਂ ਨੂੰ ਰੁਜ਼ਗਾਰ ਦੀ ਮੰਗ ਉਪਰੰਤ 15 ਦਿਨ ਤੱਕ ਰੁਜ਼ਗਾਰ ਨਾ ਮਿਲਣ ਦੀ ਸੂਰਤ ਵਿੱਚ ਉਨ੍ਹਾਂ ਵੱਲੋਂ ਬੇਰੁਜ਼ਗਾਰੀ ਭੱਤੇ ਦੀਆਂ ਅਰਜ਼ੀਆਂ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਅਰਜ਼ੀਆਂ ਦੀ ਇੱਕ ਕਾਪੀ ਸੰਯੁਕਤ ਵਿਕਾਸ ਕਮਿਸ਼ਨਰ-ਕਮ-ਕਮਿਸ਼ਨਰ ਮਨਰੇਗਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਚੰਡੀਗੜ੍ਹ ਨੂੰ ਵੀ ਭੇਜੀ ਜਾ ਰਹੀ ਹੈ।

ਬਲਦੇਵ ਭਾਰਤੀ ਨੇ ਦੱਸਿਆ ਕਿ ਇਹ ਪੰਜਾਬ ਸਰਕਾਰ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਜਿੰਮੇਵਾਰੀ ਹੈ ਕਿ ਮਜ਼ਦੂਰਾਂ ਦੀ ਮੰਗ ਅਨੁਸਾਰ ਰੁਜ਼ਗਾਰ ਅਤੇ ਰੁਜ਼ਗਾਰ ਨਾ ਦੇਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਦੇਣ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਜੇਕਰ ਮਨਰੇਗਾ ਮਜ਼ਦੂਰਾਂ ਦੀ ਮੰਗ ਅਨੁਸਾਰ ਉਨ੍ਹਾਂ ਨੂੰ ਰੁਜ਼ਗਾਰ ਜਾਂ ਬੇਰੁਜ਼ਗਾਰੀ ਭੱਤਾ ਨਹੀਂ ਦਿੱਤਾ ਜਾਂਦਾ ਤਾਂ ਇਹ ਮਨਰੇਗਾ ਕਾਨੂੰਨ-2005 ਦੀ ਉਲੰਘਣਾ ਹੈ ਅਤੇ ਇਸ ਮਜ਼ਦੂਰ ਵਿਰੋਧੀ ਵਿਵਸਥਾ ਦੇ ਖਿਲਾਫ ਪਿੰਡ ਪਿੰਡ ਤੋਂ ਸਮਾਜਿਕ ਸੰਘਰਸ਼ ਸ਼ੁਰੂ ਕੀਤਾ ਜਾਵੇਗਾ ਅਤੇ ਕਾਨੂੰਨੀ ਲੜਾਈ ਵੀ ਲੜੀ ਜਾਵੇਗੀ।



# ਬੱਚਿਆਂ ਦੇ ਜਨਮ ਦਿਹਾੜੇ ਮੌਕੇ ਸਕੂਲ ਵਿਖੇ ਫੁੱਲਦਾਰ ਬੂਟੇ ਲਗਾਏ

"Equality and justice" Patiala 03 December INTERNATIONAL PAPER, 9463601616 hardipchumber57@gmail.com



ਗ੍ਰੀਨ ਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਨਵੰਬਰ ਦਸੰਬਰ ਮਹੀਨੇ ਵਿੱਚ ਜਿਹੜੇ 52 ਬੱਚਿਆਂ ਦੇ ਜਨਮ ਦਿਨ ਹਨ, ਉਨ੍ਹਾਂ ਬੱਚਿਆਂ ਵਲੋਂ ਸਕੂਲ ਵਿਖੇ ਫੁੱਲਦਾਰ ਬੂਟੇ ਲਗਾਕੇ, ਭਗਵਾਨ ਦੇ ਚਰਨਾਂ ਵਿੱਚ ਪ੍ਰਿੰਸੀਪਲ ਸ੍ਰੀਮਤੀ ਮੰਜੂ ਗਰਗ ਅਤੇ ਵਿਦਿਆਰਥੀਆਂ ਨੇ ਦੇਸ਼, ਦੁਨੀਆਂ, ਵਾਤਾਵਰਨ ਦੀ ਸੁਰੱਖਿਆ, ਉਨਤੀ, ਖੁਸ਼ਹਾਲੀ ਲਈ ਅਰਦਾਸਾਂ ਕੀਤੀਆਂ। ਪ੍ਰਿੰਸੀਪਲ ਸ੍ਰੀਮਤੀ ਮੰਜੂ ਗਰਗ ਵਲੋਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਧਰਤੀ ਮਾਂ ਵਾਤਾਵਰਨ ਪਸ਼ੂ ਪੰਛੀਆਂ ਦਰਖਤਾਂ ਪੋਦਿਆਂ ਫੁੱਲਾਂ ਹਵਾਵਾਂ ਪਾਣੀ ਭੋਜਨ ਪ੍ਰਤੀ ਫਰਜ਼ਾਂ, ਜੁਮੇਵਾਰੀਆਂ ਅਤੇ ਮਾਪਿਆਂ ਪ੍ਰਤੀ ਵਫ਼ਾਦਾਰੀਆਂ, ਅਨੁਸ਼ਾਸਨ ਬਾਰੇ ਸਮਝਾਇਆ ਜਾਂਦਾ ਕਿ ਕਿਸੇ ਵੀ ਖੁਸ਼ੀ ਮੌਕੇ, ਧਰਤੀ ਮਾਂ, ਵਾਤਾਵਰਨ, ਬਜ਼ੁਰਗਾਂ ਮਾਪਿਆਂ ਨੂੰ ਖੁਸ਼ੀਆਂ, ਸੰਤੁਸ਼ਟੀ ,ਸਵੱਛਤਾ ਨਾਲ ਭਰਨ ਲਈ ਪ੍ਰੇਮ ਹਮਦਰਦੀ ਨਿਮਰਤਾ ਸਤਿਕਾਰ ਵੰਡਦੇ ਹੋਏ ਛਾਂਦਾਰ ਜਾਂ ਫੁੱਲਦਾਰ ਬੂਟੇ ਲਗਾਕੇ ਉਨ੍ਹਾਂ ਦੀ ਦੇਖਭਾਲ ਕਰਕੇ, ਧਰਤੀ ਮਾਂ ਨੂੰ ਸੁੰਦਰ ਸੋਹਣੇ ਸਵੱਛ ਬਣਾਉਣ ਲਈ ਯਤਨ ਕੀਤੇ ਜਾਣ । ਆਪਣੇ ਮਾਪਿਆਂ ਬਜ਼ੁਰਗਾਂ ਦੇ ਹਮੇਸ਼ਾ ਆਗਿਆਕਾਰੀ, ਵਫ਼ਾਦਾਰ, ਇਮਾਨਦਾਰ ਮਿਹਨਤੀ ਬੱਚੇ ਬਣਕੇ, ਉਨ੍ਹਾਂ ਨੂੰ ਹਮੇਸ਼ਾ ਖੁਸ਼ ਰੱਖਣ ਲਈ ਯਤਨ ਕੀਤੇ ਜਾਣ। ਇਸ ਮੌਕੇ ਸ੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਰੈਡ ਕਰਾਸ ਸੁਸਾਇਟੀ ਵੱਲੋਂ ਗਲੋਬਲ ਵਾਰਮਿੰਗ ਅਤੇ ਮੌਸਮੀ ਤਬਦੀਲੀਆਂ ਸਮੇਂ, ਆਉਣ ਵਾਲੀਆਂ ਕੁਦਰਤੀ ਅਤੇ ਮੌਸਮੀ ਆਪਦਾਵਾਂ, ਬਿਮਾਰੀਆਂ ਤੋਂ ਬਚਣ ਦੀ ਜਾਣਕਾਰੀ ਦਿੱਤੀ। ਸਰਦੀਆਂ ਵਿੱਚ ਬਿਜਲੀ ਗੈਸਾਂ ਅੱਗਾਂ ਚੋਰੀਆਂ ਸਬੰਧੀ ਵਾਪਰਨ ਵਾਲੇ ਹਾਦਸਿਆਂ ਤੋਂ ਬਚਣ ਲਈ ਸੁਚੇਤ ਕੀਤਾ। ਉਨ੍ਹਾਂ ਨੇ ਦੱਸਿਆ ਕਿ ਇਸ ਸਕੂਲ ਦੇ ਛੋਟੇ ਛੋਟੇ ਬੱਚਿਆਂ ਨੂੰ ਵੀ ਫਸਟ ਏਡ ਸੀ ਪੀ ਆਰ ਫਾਇਰ ਸੇਫਟੀ ਦੀ ਟ੍ਰੇਨਿੰਗਾਂ ਦਿੱਤੀਆਂ ਗਈਆਂ ਹਨ। ਵਿਦਿਆਰਥੀਆਂ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਪ੍ਰਿੰਸੀਪਲ ਬਹੁਤ ਚੰਗੇ ਹਨ ਜ਼ੋ ਚੰਗੇਰੀ ਸਿਖਿਆ ਦੇ ਨਾਲ ਨਾਲ, ਗੁਣਕਾਰੀ ਜਾਣਕਾਰੀਆਂ ਅਤੇ ਸੰਸਕਾਰ ਵੀ ਦੇ ਰਹੇ ਹਨ। ਪ੍ਰਿੰਸੀਪਲ ਅਤੇ ਅਧਿਆਪਕਾਂ ਦੀ ਸਖ਼ਤ ਮਿਹਨਤ ਸਦਕਾ, ਸਕੂਲ ਦੇ ਨਤੀਜੇ ਬਹੁਤ ਵਧੀਆ ਸ਼ਾਨਦਾਰ ਆ ਰਹੇ ਹਨ। ਪਿਛਲੇ ਸਾਲ ਉਨ੍ਹਾਂ ਦੇ ਸਕੂਲ ਦੇ ਵਿਦਿਆਰਥੀਆਂ ਨੇ ਅਠਵੀਂ, ਦਸਵੀਂ ਅਤੇ ਬਾਰ੍ਹਵੀਂ ਜਮਾਤਾਂ ਵਿੱਚ ਸਰਵੋਤਮ ਅੰਕ ਪ੍ਰਾਪਤ ਕੀਤੇ ਸਨ

# ਗੰਭੀਰ ਬਿਮਾਰੀ ਅਤੇ ਛੋਟੇ ਬੱਚੇ ਵਾਲੀਆਂ ਅਧਿਆਪਕਾਵਾਂ ਦੀ ਚੋਣ ਡਿਊਟੀ ਨਾ ਲਾਉਣ ਦੀ ਮੰਗ

"Equality and justice" Patiala 03 December INTERNATIONAL PAPER, 9463601616 hardipchumber57@gmail.com

ਡੈਮੋਕਰੇਟਿਕ ਟੀਚਰਸ ਫਰੰਟ ਪੰਜਾਬ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿੱਚ ਜਿੱਥੇ ਤੱਕ ਸੰਭਵ ਹੋ ਸਕੇ ਔਰਤ ਕਰਮਚਾਰੀਆਂ, ਗੰਭੀਰ ਬਿਮਾਰੀਆਂ ਤੋਂ ਪੀੜਤ, ਕਪਲ ਕੇਸ ਅਤੇ ਛੋਟੇ ਬੱਚਿਆਂ ਵਾਲੀਆਂ ਅਧਿਆਪਕਾਵਾਂ ਦੀ ਡਿਊਟੀ ਨਾ ਲਗਾਉਣ ਦੀ ਮੰਗ ਕੀਤੀ ਹੈ। ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਅਤੇ ਸੂਬਾ ਸਕੱਤਰ ਰੇਸ਼ਮ ਸਿੰਘ ਖੇਮੂਆਣਾ ਬਠਿੰਡਾ ਜਿਲੇ ਦੇ ਪ੍ਰਧਾਨ ਬਲਜਿੰਦਰ ਸਿੰਘ ਅਤੇ ਸਕੱਤਰ ਜਸਵਿੰਦਰ ਸਿੰਘ ਨੇ ਕਿਹਾ ਕਿ ਇਹ ਚੋਣਾਂ ਸਿਰਫ ਪੇਂਡੂ ਖੇਤਰਾਂ ਵਿੱਚ ਹੋਣ ਕਾਰਨ ਜ਼ਿਆਦਾ ਕਰਮਚਾਰੀਆਂ ਦੀ ਜ਼ਰੂਰਤ ਨਹੀਂ ਹੋਵੇਗੀ ।ਇਨ੍ਹਾਂ ਚੋਣਾਂ ਵਿੱਚ ਸਿਰਫ ਅਧਿਆਪਕਾਂ ਦੀ ਡਿਊਟੀ ਹੀ ਨਾ ਲਗਾਈ ਜਾਵੇ,ਸਗੋਂ ਸਾਰੇ ਵਿਭਾਗਾਂ ਤੋਂ ਕਰਮਚਾਰੀ ਡਿਊਟੀ ਤੇ ਲਗਾਏ ਜਾਣ ਅਤੇ ਇਹ ਚੋਣ ਡਿਊਟੀ ਕਰਮਚਾਰੀ ਦੇ ਸਬੰਧਤ ਬਲਾਕ ਵਿੱਚ ਲਗਾਈ ਜਾਵੇ ਤਾਂ ਜੋ ਕਿਸੇ ਵੀ ਕਰਮਚਾਰੀ ਨੂੰ ਇਹਨਾਂ ਚੋਣਾਂ ਦੌਰਾਨ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

## 2 ਨੰਬਰ ਪੇਜ ਦੀ ਖਬਰ ਦਾ ਬਾਕੀ ਭਾਗ

ਹੋ ਸਕੀ ਹੈ। ਉਨ੍ਹਾਂ ਦਸਿਆ ਕਿ ਇਸ ਤੋਂ ਇਲਾਵਾ ਮੌਕੇ ਤੋਂ ਸਿੰਗਲ ਲੋਡਿੰਗ ਰਾਈਫਲਜ਼ (ਐਸ.ਐਲ.ਆਰ.), ਇਨਸਾਸ ਰਾਈਫਲਾਂ .303 ਰਾਈਫਲਾਂ ਅਤੇ ਹੋਰ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਗਿਆ ਹੈ।

ਪੈਟੀਲਿੰਗਮ ਨੇ ਦਸਿਆ ਕਿ ਇਸ ਮੁਕਾਬਲੇ 'ਚ ਡੀ.ਆਰ.ਜੀ. ਬੀਜਾਪੁਰ ਦੇ ਹੈੱਡ ਕਾਂਸਟੇਬਲ ਮੋਨੂੰ ਵਦਾਦੀ, ਕਾਂਸਟੇਬਲ ਦੁਕਾਰੂ ਗੋਂਡੇ ਅਤੇ ਜਵਾਨ ਰਮੇਸ਼ ਸੋਢੀ ਸ਼ਹੀਦ ਹੋ ਗਏ, ਜਦਕਿ ਦੋ ਹੋਰ ਡੀ.ਆਰ.ਜੀ. ਜਵਾਨ ਜ਼ਖਮੀ ਹੋ ਗਏ। ਆਈ.ਜੀ.ਪੀ. ਨੇ ਦਸਿਆ ਕਿ ਜ਼ਖਮੀ ਜਵਾਨਾਂ ਨੂੰ ਤੁਰਤ ਮੁੱਢਲੀ ਸਹਾਇਤਾ ਦਿਤੀ ਗਈ ਅਤੇ ਉਨ੍ਹਾਂ ਨੂੰ ਹੁਣ ਖ਼ਤਰੇ ਤੋਂ ਬਾਹਰ ਦਸਿਆ ਗਿਆ ਹੈ।

ਬੀਜਾਪੁਰ ਦੇ ਪੁਲਿਸ ਸੁਪਰਡੈਂਟ ਜਿਤੇਂਦਰ ਯਾਦਵ ਨੇ ਦਸਿਆ ਕਿ ਪਛਮੀ ਬਸਤਰ ਡਿਵੀਜ਼ਨ 'ਚ ਪੈਂਦੇ ਮੁਕਾਬਲੇ ਵਾਲੀ ਥਾਂ ਉਤੇ ਹੋਰ ਟੀਮਾਂ ਭੇਜੀਆਂ ਗਈਆਂ ਹਨ ਅਤੇ ਇਲਾਕੇ 'ਚ ਤਲਾਸ਼ੀ ਮੁਹਿੰਮ ਜਾਰੀ ਹੈ।

ਸੁਰੱਖਿਆ ਬਲਾਂ ਦੀ ਤਾਜ਼ਾ ਕਾਰਵਾਈ ਨਾਲ ਇਸ ਸਾਲ ਛੱਤੀਸਗੜ੍ਹ ਵਿਚ ਹੁਣ ਤਕ ਮੁਕਾਬਲੇ ਵਿਚ 275 ਨਕਸਲੀ ਮਾਰੇ ਜਾ ਚੁਕੇ ਹਨ। ਇਨ੍ਹਾਂ ਵਿਚੋਂ 246 ਨੂੰ ਬਸਤਰ ਡਿਵੀਜ਼ਨ 'ਚ ਮਾਰ ਦਿਤਾ ਗਿਆ, ਜਿਸ 'ਚ ਬੀਜਾਪੁਰ ਅਤੇ ਦੰਤੇਵਾੜਾ ਸਮੇਤ ਸੱਤ ਜ਼ਿਲ੍ਹੇ ਸ਼ਾਮਲ ਹਨ, ਜਦਕਿ ਰਾਏਪੁਰ ਡਿਵੀਜ਼ਨ 'ਚ ਆਉਣ ਵਾਲੇ ਗਰੀਆਬੰਦ ਜ਼ਿਲ੍ਹੇ 'ਚ 27 ਹੋਰ ਮਾਰੇ ਗਏ ਹਨ। ਦੁਰਗ ਡਿਵੀਜ਼ਨ ਦੇ ਮੋਹਲਾ-ਮਾਨਪੁਰ-ਅੰਬਾਗੜ੍ਹ ਚੌਕੀ ਜ਼ਿਲ੍ਹੇ ਵਿਚ ਦੋ ਨਕਸਲੀਆਂ ਦੀ ਮੌਤ ਹੋ ਗਈ ਸੀ। ਕੇਂਦਰ ਨੇ ਖੱਬੇਪੱਖੀ ਅਤਿਵਾਦ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ 31 ਮਾਰਚ 2026 ਦੀ ਸਮਾਂ ਸੀਮਾ ਤੈਅ ਕੀਤੀ ਹੈ।

“इक्वालिटी एंड जस्टिस
“ पटियाला 03 दिसंबर
INTERNATIONAL PAPER, 94636 01616
hardipchumber57@gmail.com

# हमारी आजादी की लड़ाई बाकी है- बाबा साहब

बाबा साहेब कहते हैं

**1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदू लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवर्तन के बाद, अनुसूचित वर्ग के लोगों को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।**

## जो लोग करोड़ों लोगों को अछूत और अपराधी मानते हो उन्हें आजादी मांगने का हक नहीं

जनता, 15 जनवरी, 1946



अस्पृश्यों के एकमात्र नेता और भारत सरकार के कार्यकारी मंडल के सदस्य डॉ. बाबासाहेब अम्बेडकर दिनांक 14 जनवरी, 1946 को सुबह मद्रास मेल से सोलापुर आए।

सुबह सोलापुर नगरपालिका और जिला लोकल बोर्ड संस्था की ओर से हरिभाई देवकरण हाईस्कूल के कै. रा. ब. मुले स्मारक मंदिर में डॉ. अम्बेडकर को प्रशस्ति-पत्र प्रदान किया गया। इस अवसर पर शहर के प्रमुख व्यवसायी, डॉक्टर्स, सरकारी अधिकारी, वकील आदि आमंत्रित गण्यमान्य उपस्थित थे।

शुरुआत में नगरपालिका की ओर से प्रदान किए जाने वाले प्रशस्ति पत्र का मसौदा नगराध्यक्ष रा. ब. नागप्पा अण्णा अफजूलपुरकर ने पढ़ कर सुनाया। फिर प्रशस्ति-पत्र डॉ. बाबासाहेब अम्बेडकर को प्रदान किया गया। उसके बाद जिला बोर्ड की ओर से प्रदान किया जाने वाला प्रशस्ति-पत्र बोर्ड के अध्यक्ष श्री जी. डी. साठे ने पढ़ कर सुनाया और प्रदान किया। प्रशस्ति-पत्रों के स्वीकार करने के बाद डॉ. अम्बेडकर ने कहा -

मैं बहुत आभारी हूं कि मुझे प्रशस्ति पत्र प्रदान किए गए। सोलापुर शहर मेरे लिए अपरिचित नहीं । मैं कई बार यहां आया हूं। राजनीति और सामाजिक कार्यों का प्रचार भी किया है। सच में देखा जाए तो मेरे सार्वजनिक कार्य की शुरुआत सोलापुर से ही हुई है। स्व. रा. ब. मुले ने अस्पृश्यों के लिए बोर्डिंग खोला और खुशी की बात है कि उनका काम उनके भाई डॉ. भालचंद्र राव बनाम काकासाहब मुले ने बढ़िया ढंग से आगे चलाया है।

भारत सरकार का अब तक का इतिहास देखें तो पता चलता है कि कर वसूलना तथा कानून और व्यवस्था पर नजर रखना यही दो उद्देश्य उनके सामने थे। हालांकि वर्तमान में इनमें कुछ बदलाव आया है। देश की दरिद्रता दुनिया के इतिहास में अपनी ही तरह की मिसाल है। सब मानेंगे कि इसी दरिद्रता को मिटाने का उद्देश्य हमने अपने सामने रखा है। दिल्ली में पुनर्गठन का काम बड़े जोरों से चल रहा है। रहने की सुविधा, शिक्षा, व्यवसाय और उद्योग आदि पर केंद्र सरकार की 90 प्रतिशत ऊर्जा व्यय हो रही है। इस काम में स्थानीय बोर्ड, महानगरपालिका की मदद लेने की नीति अपनाने की व्यवस्था बनाई जाने वाली है।

मैं अभी मंत्री हूं। केंद्र सरकार की ओर से मजदूरों के हितो के बारे में अधिक ध्यान दिया जा रहा है। 1930 में इस मुद्दे को लेकर रॉयल कमीशन का गठन किया गया था। इस आयोग ने कई सूचनाएं की थीं। 1930 से 1942 तक का इतिहास देखने से यह पता चलेगा कि इस बारे में कुछ भी काम नहीं हुआ है, लेकिन 1942 से अर्थात् मेरे मंत्री पद ग्रहण करने के बाद से आज 1946 तक केवल 3 वर्षों में विकास हुआ दिखाई देगा। यह आत्मप्रशंसा नहीं, बल्कि वास्तविकता है। 1920 से आज तक केंद्रीय एसेंब्ली में मजदूरों के केवल एक प्रतिनिधि को लिया जाता था। आज आप देखेंगे कि लोकसभा में 3 मजदूर प्रतिनिधि हैं। अब तक काउंसिल ऑफ स्टेटस् में एक भी मजदूर प्रतिनिधि नहीं लिया जाता था, लेकिन अब से एक प्रतिनिधि वहां भी लिया जाएगा।

आगामी केंद्रीय एसेंब्ली की बैठक में 10 बिल पेश होने वाले हैं जो मजदूरों के हित में होंगे। इनके मसौदे मैंने तैयार किए हैं। इससे पता चलेगा कि किस तरह देश में सामाजिक और आर्थिक दरिद्रता को दूर करने की कोशिशें जारी हैं।

देश की सामाजिक स्थितियां अजीब हो गई हैं। देश के छह करोड़ लोगों को अछूत मानने वाले और छुआछूत का पालन करने वाले लोग इस देश में हैं। इस देश में अपराधों को

“Equality and Justice”
“Equality and Justice” Rs- 100/month स्वतंत्रता, समानता, भाईचारा

व्यवसाय के तौर पर उपजीविका का साधन बनाने वाले 25 लाख लोग हैं। इतिहास बताता है कि आठ हजार वर्ष पूर्व इस देश में संस्कृति का निर्माण हुआ। ऐसे भी करोड़ों लोग हैं, जिन्हें यह नहीं पता कि कैसे कपड़े पहनें, खाना क्या खाएं आदि। जो सामर्थ्यवान हैं उन पर यह जिम्मेदारी है। देश आजाद हो कहने वालों पर यह जिम्मेदारी और ज्यादा है। जो लोग करोड़ों लोगों को अछूत और अपराधी मानते हैं उन्हें आजादी मांगने का हक कैसे हो सकता है? इस जिम्मेदारी को टाला नहीं जा सकता।

आजादी मांगना बहुत आसान है। मुझसे कई बार पूछा जाता है कि डॉ. साहेब ‘“आप काँग्रेस में क्यों नहीं शामिल हो जाते? आपका सम्मान बढ़ेगा, हर रोज अखबार में मौके की जगह पर आपका नाम छपेगा।” लेकिन मुझे यह मंजूर नहीं बोलने से अधिक काम करने की जरूरत होती है। मैं कहीं भी जाऊं, जब ऐसी स्थितियों से सामना होता है तो मन व्यथित होता है। अस्पृश्यता निवारण का असली काम मैं ही कर रहा हूं।

असल में यह काम स्पृश्य समाज के नेताओं का है। अंग्रेजों से आजादी मांगने वालों को अपने देश की छुआछूत की समस्या के निवारण का काम हाथ में लेना चाहिए। स्वराज मांगने वाले इन लोगों के बारे में अंग्रेज मन ही मन क्या सोचते हैं, इसका मुझे अहसास है। जितनी जल्दी अस्पृश्यता नष्ट होगी उतनी ही जल्दी हमें आजादी मिलेगी (स्वराज हाथ में आएगा ) । यह निश्चित है कि उसके बगैर स्वराज नहीं मिलेगा।

# बेंगलुरु: कस्टडी में ‘थर्ड डिग्री’ से दलित युवक की मौत? शरीर पर मिले निशान, इंस्पेक्टर समेत 4 सस्पेंड

**विवेकनगर थाने के इंस्पेक्टर समेत 4 सस्पेंड, मां का आरोप- कस्टडी में हुई थी पिटाई, अब CID करेगी जांच**

“इक्वालिटी एंड जस्टिस
“ पटियाला 03 दिसंबर
INTERNATIONAL PAPER, 94636 01616
hardipchumber57@gmail.com

बेंगलुरु: कर्नाटक की राजधानी बेंगलुरु में पुलिस हिरासत में कथित तौर पर प्रताड़ित किए जाने और उसके बाद नशामुक्ति केंद्र (रिहैबिलिटेशन सेंटर) में हुई 22 वर्षीय दलित युवक की मौत के मामले में पुलिस विभाग ने बड़ी कार्रवाई की है। एक अधिकारी ने बुधवार को जानकारी दी कि इस मामले में लापरवाही और आरोपों को देखते हुए चार पुलिसकर्मियों को निलंबित कर दिया गया है।



### क्या है पूरा मामला?

मृतक की पहचान विवेकनगर निवासी दर्शन पी जी के रूप में हुई है, जिसकी 26 नवंबर को संदिग्ध परिस्थितियों में मौत हो गई थी। विभाग ने मंगलवार को कार्रवाई करते हुए विवेकनगर पुलिस थाने से जुड़े एक इंस्पेक्टर, एक कांस्टेबल और दो अन्य अधिकारियों को तत्काल प्रभाव से निलंबित कर दिया है। पुलिस के एक वरिष्ठ अधिकारी ने पुष्टि की है कि अब इस पूरे मामले की जांच सीआईडी (CID) द्वारा की जा रही है।

### मां ने लगाए गंभीर आरोप

मृतक दर्शन की मां ने पुलिस पर बेहद संगीन आरोप लगाए हैं। अपनी शिकायत में उन्होंने बताया कि 12 नवंबर को पुलिस ने उनके बेटे को हिरासत में लिया था। आरोप था कि दर्शन ने शराब के नशे में पड़ोसियों के साथ झगड़ा किया और हंगामा मचाया था।

चूंकि दर्शन को शराब की लत थी, इसलिए उसकी मां ने पुलिस से गुहार लगाई थी कि उसे जेल भेजने के बजाय किसी सुधार गृह भेज दिया जाए। पुलिस अधिकारी के मुताबिक, मां के अनुरोध पर 16 नवंबर को दर्शन को जेल न भेजकर बेंगलुरु के बाहरी इलाके में स्थित एक नशामुक्ति केंद्र में भेज दिया गया।

मां का आरोप है कि पुलिस ने इसके लिए उनसे 7,500 रुपये भी लिए और दर्शन को सीधे सेंटर में भर्ती करा दिया। इसके बाद जब भी मां ने बेटे से मिलने या बात करने की कोशिश की, तो उन्हें रोक दिया गया। केंद्र के अधिकारियों ने उन्हें हर बार यही भरोसा दिलाया कि दर्शन बिल्कुल ठीक है।

### शरीर पर मिले चोट के निशान

हालात तब बदले जब 26 नवंबर को परिवार को सूचित किया गया कि सांस लेने में तकलीफ के कारण दर्शन की मौत हो गई है। हालांकि, परिजनों का कहना है कि शव पर चोट के स्पष्ट निशान दिखाई दे रहे थे। मां को शक है कि पुलिस हिरासत के दौरान उनके बेटे को बुरी तरह प्रताड़ित किया गया था, जिसके असर से बाद में रिहैबिलिटेशन सेंटर में उसकी मौत हो गई।

### कानूनी कार्रवाई और धाराएं

वरिष्ठ पुलिस अधिकारी ने बताया कि मां की शिकायत के आधार पर मदननायकनहल्ली पुलिस थाने में मामला दर्ज किया गया है। चार पुलिस अधिकारियों और निजी नशामुक्ति केंद्र के मालिक के खिलाफ भारतीय न्याय संहिता (BNS) की धारा 103, 127 और 3 के साथ-साथ एससी/एसटी (SC/ST) एक्ट की संबंधित धाराओं के तहत केस दर्ज किया गया है।

फिलहाल, मामले की जांच सीआईडी को स्थानांतरित कर दी गई है। सीआईडी की टीम अब हिरासत में लेने से लेकर नशामुक्ति केंद्र में हुई मौत तक, घटनाक्रम की पूरी कड़ियों की बारीकी से जांच कर रही है।

# महात्मा फुले के अपमान पर बहुजन समाज में आक्रोश, ओबीसी महासभा ने की FIR की मांग

**बहुजन समाज के नेताओं ने कहा कि महात्मा फुले ने दलित-वंचित समाज को शिक्षा का मार्ग दिखाया, स्त्रियों के अधिकारों की लड़ाई लड़ी और सामाजिक कुरीतियों के खिलाफ आवाज उठाई।**

“इक्वालिटी एंड जस्टिस
“ पटियाला 03 दिसंबर
INTERNATIONAL PAPER, 94636 01616
hardipchumber57@gmail.com

भोपाल। महात्मा ज्योतिबा फुले जैसे युगपुरुष, जिन्होंने शिक्षा, सामाजिक न्याय और समानता की नींव रखी, उनके सम्मान पर आपत्तिजनक टिप्पणी करने का मामला तूल पकड़ता जा रहा है। स्वघोषित ‘संत’ आनंदस्वरूप और एक अन्य सोशल मीडिया उपयोगकर्ता नेहा शर्मा द्वारा की गई अमर्यादित पोस्टों के विरोध




में ओबीसी महासभा ने सोमवार को लहार थाने में ज्ञापन सौंपकर तत्काल FIR दर्ज करने की मांग की।

महात्मा ज्योतिबा फुले की पुण्यतिथि 28 नवंबर को पूरे देश में श्रद्धांजलि कार्यक्रम आयोजित किए जा रहे थे। इसी दौरान, आनंदस्वरूप ने अपनी फेसबुक आईडी से अपमानजनक टिप्पणी करते हुए फुले को ‘हिंदू धर्मद्रोही’ और ‘वहिष्कृत’ बताया। इतना ही नहीं, उन्होंने “ज्योतिबा फुले मुर्दाबाद” लिखकर समाज सुधारक के सम्मान को ठेस पहुँचाने वाली टिप्पणी की।

ओबीसी महासभा ने अपने शिकायती पत्र में कहा कि आनंदस्वरूप बीते कई महीनों से सोशल मीडिया पर अमर्यादित भाषा और उत्तेजक पोस्टों के माध्यम से सद्भाव बिगाड़ने का काम कर रहे हैं।

खबर का शेष भाग अगे पेज पर

“इक्वालिटी एंड जस्टिस”
“पटियाला 03 दिसंबर
INTERNATIONAL PAPER, 94636 01616
hardipchumber57@gmail.com

# डॉ. अम्बेडकर का सोलापुर भाषण: सामाजिक सुधार और स्व-शासन

Eng. Hardip Singh Chumber

## कार्यकारी सारांश

14 जनवरी, 1946 को सोलापुर में दिए गए अपने भाषण में, डॉ. बाबासाहेब अम्बेडकर ने भारत की स्वतंत्रता की मांग को देश की गंभीर सामाजिक कुरीतियों, विशेष रूप से अस्पृश्यता, के उन्मूलन के साथ सीधे तौर पर जोड़ा। उन्होंने तर्क दिया कि जो समाज करोड़ों लोगों को अछूत और अपराधी मानता है, उसे राजनीतिक स्वतंत्रता मांगने का कोई नैतिक अधिकार नहीं है। अपने भाषण में, उन्होंने भारत सरकार के कार्यकारी मंडल के सदस्य के रूप में अपने कार्यकाल के दौरान श्रम सुधारों के क्षेत्र में की गई ठोस उपलब्धियों पर प्रकाश डाला, और इसे केवल बातें करने के बजाय वास्तविक कार्य करने की अपनी प्रतिबद्धता के प्रमाण के रूप में प्रस्तुत किया। डॉ. अम्बेडकर ने यह स्पष्ट किया कि सामाजिक समानता और न्याय की स्थापना के बिना सच्चा स्वराज प्राप्त नहीं किया जा सकता, और यह जिम्मेदारी मुख्य रूप से उन स्पृश्य समाज के नेताओं पर है जो अंग्रेजों से आजादी की मांग कर रहे हैं।

## विस्तृत विश्लेषण

### 1. पृष्ठभूमि और संदर्भ

* घटना: डॉ. बाबासाहेब अम्बेडकर 14 जनवरी, 1946 को सोलापुर पहुँचे।

* सम्मान: सोलापुर नगरपालिका और जिला लोकल बोर्ड ने हरिभाई देवकरण हाईस्कूल के कै. रा. ब. मुले स्मारक मंदिर में आयोजित एक समारोह में उन्हें प्रशस्ति-पत्र प्रदान किए।

* उपस्थिति: इस कार्यक्रम में शहर के प्रमुख व्यवसायी, डॉक्टर, सरकारी अधिकारी और वकील शामिल थे।

* सोलापुर से संबंध: डॉ. अम्बेडकर ने उल्लेख किया कि सोलापुर शहर से उनका गहरा नाता है और उनके सार्वजनिक जीवन की शुरुआत प्रभावी रूप से यहीं से हुई थी। उन्होंने अस्पृश्यों के लिए बोर्डिंग स्कूल खोलने के लिए स्व. रा. ब. मुले और उनके काम को आगे बढ़ाने के लिए उनके भाई डॉ. भालचंद्र राव मुले की सराहना की।

### 2. सरकारी नीति में बदलाव और श्रम सुधार

डॉ. अम्बेडकर ने सरकार के दृष्टिकोण में हो रहे बदलाव और श्रम मंत्री के रूप में अपनी भूमिका पर प्रकाश डाला।

* ऐतिहासिक दृष्टिकोण: उन्होंने बताया कि भारत सरकार का पारंपरिक रूप से केवल दो मुख्य उद्देश्यों पर ध्यान केंद्रित रहा है: कर वसूलना तथा कानून और व्यवस्था बनाए रखना।

* वर्तमान बदलाव: अब सरकार ने देश की अत्यधिक गरीबी को मिटाने का लक्ष्य रखा है। केंद्र सरकार अपनी 90% ऊर्जा आवास, शिक्षा, व्यवसाय और उद्योग जैसे पुनर्गठन कार्यों पर खर्च कर रही है। इन कार्यों में स्थानीय बोर्डों और नगरपालिकाओं की सहायता लेने की एक नई नीति बनाई जा रही है।




#### * श्रम मंत्री के रूप में उपलब्धियाँ (1942-1946):

* उन्होंने 1930 में गठित रॉयल कमीशन की सिफारिशों पर 1930 से 1942 तक कोई कार्रवाई न होने की ओर ध्यान आकर्षित किया।

* इसके विपरीत, उन्होंने अपने तीन साल के कार्यकाल (1942-1946) में हुए महत्वपूर्ण विकास को रेखांकित किया, जिसे उन्होंने “आत्मप्रशंसा नहीं, बल्कि वास्तविकता” कहा।

#### * प्रतिनिधित्व में वृद्धि:

* केंद्रीय असेंबली में मजदूरों के प्रतिनिधियों की संख्या 1 से बढ़ाकर 3 कर दी गई।

* काउंसिल ऑफ स्टेट्स में पहली बार मजदूरों के लिए एक प्रतिनिधि का प्रावधान किया गया।

* विधायी कार्य: उन्होंने आगामी केंद्रीय असेंबली की बैठक के लिए मजदूरों के हित में 10 बिलों के मसौदे तैयार किए थे। यह देश में सामाजिक और आर्थिक गरीबी को दूर करने के व्यापक प्रयासों का हिस्सा था।

### 3. सामाजिक सुधार की अनिवार्यता और स्वराज की मांग

भाषण का सबसे महत्वपूर्ण हिस्सा भारत की सामाजिक स्थितियों और स्वतंत्रता की मांग के बीच के संबंध पर केंद्रित था।

#### * देश की सामाजिक स्थिति:

* अस्पृश्यता: देश में छह करोड़ लोग हैं जिन्हें अछूत माना जाता है।

* अपराधी जनजातियाँ: लगभग 25 लाख लोग हैं जो अपराध को एक पेशे के रूप में अपनाते हैं।

* व्यापक अज्ञानता: आठ हजार साल पुरानी संस्कृति होने के बावजूद, करोड़ों लोग ऐसे हैं जिन्हें कपड़े पहनने और भोजन करने जैसे बुनियादी जीवन-यापन के तरीकों का भी ज्ञान नहीं है।

#### * स्वतंत्रता की मांग पर नैतिक प्रश्न:

* डॉ. अम्बेडकर ने यह तर्क दिया कि जो लोग इन सामाजिक कुरीतियों को बनाए रखते हैं, उन्हें स्वतंत्रता मांगने का कोई अधिकार नहीं है।

* उन्होंने कहा कि यह जिम्मेदारी सामर्थ्यवान लोगों पर है, विशेष रूप से उन पर जो देश की आजादी की वकालत कर रहे हैं।



* अस्पृश्यता निवारण का वास्तविक कार्य, उनके अनुसार, स्पृश्य समाज के नेताओं का है, जिन्हें अंग्रेजों से आजादी मांगने से पहले अपने देश की इस समस्या का समाधान करना चाहिए।

* कांग्रेस में शामिल न होने का कारण:

* उन्होंने खुलासा किया कि उनसे अक्सर कांग्रेस में शामिल होने के लिए कहा जाता है, जिससे उन्हें अधिक सम्मान और प्रचार मिलेगा।

* हालांकि, उन्होंने इसे अस्वीकार कर दिया क्योंकि उनका मानना है कि “बोलने से अधिक काम करने की जरूरत होती है।” उन्होंने जोर देकर कहा कि अस्पृश्यता निवारण का असली काम वे स्वयं कर रहे हैं।

### 4. निष्कर्ष: अस्पृश्यता का उन्मूलन और स्वराज की प्राप्ति

डॉ. अम्बेडकर ने अपने भाषण का समापन इस दृढ़ विश्वास के साथ किया कि सामाजिक सुधार राजनीतिक स्वतंत्रता के लिए एक पूर्व शर्त है।

* अंग्रेजों का दृष्टिकोण: उन्होंने कहा कि उन्हें इस बात का अहसास है कि अंग्रेज उन भारतीय नेताओं के बारे में क्या सोचते हैं जो स्वराज की मांग करते हुए भी छुआछूत जैसी प्रथाओं का पालन करते हैं।

* अंतिम फैसला: उन्होंने स्पष्ट रूप से कहा कि भारत को स्वतंत्रता तभी मिलेगी जब अस्पृश्यता पूरी तरह से समाप्त हो जाएगी। उनके शब्द थे:

# आंध्र प्रदेश: आईएएस अधिकारी की बेटी ने की आत्महत्या, दहेज प्रताड़ना का आरोप; बाथरूम में मिला शव

“इक्वालिटी एंड जस्टिस”
“पटियाला 03 दिसंबर
INTERNATIONAL PAPER, 94636 01616
hardipchumber57@gmail.com



ताड़ेपल्ली (आंध्र प्रदेश): गुंटूर जिले के ताड़ेपल्ली से एक बेहद दुखद घटना सामने आई है, जहां एक आईएएस अधिकारी की 25 वर्षीय बेटी ने अपने मायके में कथित तौर पर आत्महत्या कर ली। पुलिस अधिकारियों ने मंगलवार को जानकारी दी कि मृतका ने कुछ महीने पहले ही दहेज प्रताड़ना के आरोप लगाए थे, जिसके बाद वह अपने माता-पिता के घर रह रही थी।

## बाथरूम में फंदे से लटकी मिली युवती

पुलिस के अनुसार, यह घटना रविवार की है। युवती काफी देर तक जब बाथरूम से बाहर नहीं निकली, तो उसके माता-पिता को चिंता हुई। अनहोनी की आशंका में उन्होंने बाथरूम का दरवाजा तोड़ा, जहां उन्हें अपनी बेटी फांसी के फंदे पर लटकी हुई मिली।

मंगलागिरी के डीएसपी मुरली कृष्णा ने मामले की पुष्टि करते हुए बताया, “मृतका की पहचान माधुरी साहितिबाई (25) के रूप में हुई है, जो एक आईएएस अधिकारी की बेटी थीं। रविवार को उनका शव उनके पैतृक घर में पाया गया। उन्होंने पहले ही ससुराल पक्ष पर दहेज के लिए परेशान करने का आरोप लगाया था।”

पुलिस ने त्वरित कार्रवाई करते हुए बीएनएस (BNS) की धारा 80 (जो दहेज मृत्यु से संबंधित है) के तहत मामला दर्ज कर लिया है और जांच शुरू कर दी है।

## प्रेम विवाह के कुछ महीने बाद ही शुरू हुआ विवाद

पुलिस जांच में सामने आई जानकारी के मुताबिक, साहितिबाई ने अपनी बीटेक की पढ़ाई बैकलॉग के कारण बीच में ही छोड़ दी थी। उन्हें नंद्याल जिले के बेतमचेर्ला मंडल स्थित बुगनापल्ली गांव के निवासी राजेश नायडू से प्रेम हो गया था।

दोनों ने इसी साल 5 मार्च को शादी रचाई थी और 7 मार्च को अपने परिवारों को इस बारे में सूचित किया। बाद में इस शादी का आधिकारिक पंजीकरण भी कराया गया। हालांकि, शादी के कुछ समय बाद ही खुशियों को नजर लग गई।

## सितंबर में वापस लौट आई थी घर

पुलिस ने बताया कि कुछ महीने पहले साहितिबाई ने अपने माता-पिता को फोन कर अपना दर्द बयां किया था। उन्होंने आरोप लगाया था कि उन्हें दहेज के लिए प्रताड़ित किया जा रहा है। बेटी की तकलीफ को देखते हुए, उनके माता-पिता सितंबर के पहले सप्ताह में उन्हें ससुराल से वापस अपने घर ले आए थे।

परिजनों के मुताबिक, साहितिबाई तब से उनके साथ ताड़ेपल्ली स्थित आवास पर ही रह रही थीं। पुलिस अब इस मामले की हर पहलू से जांच कर रही है ताकि यह साफ हो सके कि आखिर किन परिस्थितियों ने उन्हें इतना बड़ा कदम उठाने पर मजबूर किया।

## खबर का शेष भाग

इसी क्रम में, फेसबुक आईडी ‘ब्राह्मण नेहा शर्मा’ से भी 28 नवंबर को फुले के खिलाफ अपमानजनक टिप्पणी की गई, जिससे बहुजन समाज और फुले अनुयायियों में भारी रोष है।

### सामाजिक सौहार्द बिगाड़ने का आरोप, कार्रवाई की मांग

ओबीसी महासभा के कार्यकारी अध्यक्ष रूपेश यादव ने द मूकनायक से बातचीत में बताया कि फुले केवल ओबीसी समाज के नहीं, बल्कि पूरे भारतीय समाज के लिए समानता और शिक्षा के अग्रदूत रहे हैं। उनके विरुद्ध ऐसी भाषा किसी भी रूप में स्वीकार्य नहीं है और यह कृत्य सामाजिक सौहार्द को पिघलाने का प्रयास है।

### FIR दर्ज करने की मांग

ओबीसी महासभा ने अपने ज्ञापन में साफ कहा है कि आनंदस्वरूप और नेहा शर्मा दोनों की फेसबुक आईडी की तुरंत जांच कर उन पर आपराधिक प्रकरण दर्ज किए जाएं, क्योंकि उनकी टिप्पणियाँ न केवल महात्मा फुले के सम्मान पर चोट करती हैं बल्कि समाज में अनावश्यक तनाव और वैमनस्य फैलाने का प्रयास भी करती हैं। संगठन का कहना है कि सामाजिक ताना-बाना बिगाड़ने वालों को किसी भी स्थिति में बख्शा नहीं जाना चाहिए, ताकि भविष्य में कोई भी व्यक्ति महान संतों और समाज सुधारकों पर अमर्यादित टिप्पणी करने का दुस्साहस न कर सके। महासभा ने चेतावनी दी है कि यदि पुलिस समय पर कार्रवाई नहीं करती है, तो बहुजन समाज आंदोलन करने के लिए बाध्य होगा, और इसका सम्पूर्ण दायित्व प्रशासन पर होगा।

### थाने में जुटी भारी भीड़, बहुजन समाज का एकजुट प्रदर्शन

भिंड के लहार थाने में ज्ञापन सौंपने पहुंचे ओबीसी महासभा के पदाधिकारी और समाजसेवी बड़ी संख्या में मौजूद रहे। सभी ने महात्मा फुले के सम्मान की रक्षा करने और समाज में नफरत फैलाने वाले बयानों का विरोध दर्ज कराया।

ओबीसी महासभा ने कहा कि महात्मा फुले पर की गई टिप्पणी मात्र एक सोशल मीडिया पोस्ट नहीं, बल्कि बहुजन समाज के इतिहास, संघर्ष और आत्मसम्मान पर आघात है। ऐसे समय में प्रशासन की निष्क्रियता समाज में असंतोष को बढ़ा सकती है।

### फुले के आदर्शों का अपमान नहीं सहा जाएगा: समाज

बहुजन समाज के नेताओं ने कहा कि महात्मा फुले ने दलित-वंचित समाज को शिक्षा का मार्ग दिखाया, स्त्रियों के अधिकारों की लड़ाई लड़ी और सामाजिक कुरीतियों के खिलाफ आवाज उठाई। उन पर अमर्यादित टिप्पणी किसी भी दृष्टि से बर्दाश्त नहीं की जा सकती। थाने में उपस्थित कार्यकर्ताओं ने कहा- “यह सिर्फ एक व्यक्ति का अपमान नहीं, बल्कि हमारे पूरे समाज का अपमान है। प्रशासन को तत्काल कार्रवाई करनी होगी।”

# MP में निमाड़ के किसानों का खलघाट में आंदोलन:

“इक्वालिटी एंड जस्टिस”
“पटियाला 03 दिसंबर
INTERNATIONAL PAPER, 94636 01616
hardipchumber57@gmail.com

भोपाल। मध्यप्रदेश के निमाड़ क्षेत्र के बड़वानी, धार, खरगोन और खंडवा यह चार जिलों के किसानों ने मिलकर सोमवार सुबह से धार जिले के खलघाट में नेशनल हाईवे-52 पर जोरदार प्रदर्शन शुरू कर दिया। आंदोलन इतना व्यापक है कि सुबह से हाईवे पर आमजन की आवाजाही ठप हो गई। किसानों ने सड़क के बीचोंबीच बड़े पेड़ रख दिए और उसके ऊपर बैठकर चक्काजाम कर दिया। प्रशासन ने एक लेन से ट्रैफिक शुरू करने की कोशिश की, लेकिन किसान नाराज हो गए और वाहनों के सामने खड़े हो गए। इसके बाद पुलिस ने वाहनों को वापस लौटाना शुरू कर दिया। दोपहर 12.15 बजे के बाद आंदोलन पूरी तरह उग्र हो गया और हाईवे के बीच में पेड़ रखकर रास्ता जाम कर दिया गया।